* ਰੂਪ ਜਵਾਨੀ *

"ਤੜਾਕ !" "ਤੜਾਕ !!" ਹੰਟਰ ਉਹਦੀ ਨੰਗੀ ਪਿੱਠ ਤੇ ਪਏ। 'ਹਰਾਮ ਖੋਰ, ਕਮੀਨਾ...... ਪਥਰ ਤੋੜ । ਗਲਾਂ ਕਿਉਂ ਕਰਦਾ ਏਂ... ।'

'ਖਾਮੋਸ਼... !' ਕੈਦੀ ਗਰਜਦਿਆਂ ਬੋਲਿਆ, 'ਗਾਲ੍ਹ ਕਢੀ ਤਾਂ ਮੂੰਹ ਤੋੜ ਦਿਆਂਗਾ। ਮੈਂ ਕੈਦੀ ਜ਼ਰੂਰ ਹਾਂ, ਪਰ ਇਕ ਕੈਦੀ ਦੀ ਇਜ਼ਤ ਹੁੰਦੀ ਹੈ। ਮੇਰੀ ਇਜ਼ਤ ਉਤਾਰਨ ਦੀ ਕੋਸ਼ਿਸ਼ ਨਾ ਕਰੀਂ...... ।'

'ਤੇਰੀ ਇਜ਼ਤ ਕਿਤਨੀ ਹੈ, ਮੈਂ ਹੁਣੇ ਵੇਖਦਾ ਹਾਂ ।' ਕਹਿੰਦਿਆਂ ਉਹਨੇ ਹੰਟਰ ਵਾਲਾ ਹਥ ਉਤੇ ਚੁਕਿਆ...... ਪਰ ਉਹਦਾ ਹਥ ਉਚਾ ਹੀ ਰਹਿ ਗਿਆ। ਇਸ ਤੋਂ ਪਹਿਲਾਂ ਕਿ ਉਹ ਦੁਬਾਰਾ ਹੰਟਰ ਚਲਾਂਦਾ, ਕੈਦੀ ਨੇ ਉਹਦੇ ਮੂੰਹ ਤੇ ਮੁਕਾ ਟਿਕਾ ਦਿਤਾ। ਦੂਜਾ ਹਥ ਚੁਕਣ ਹੀ ਲਗਾ ਸੀ ਕਿ ਉਹਦੇ ਕੰਨਾਂ ਵਿਚ ਆਵਾਜ਼ ਆਈ– 'ਨੌਂ ਸੌ ਸੱਤਰ !'

ਜੇਲਰ ਦੀ ਗਰਜਦਾਰ ਆਵਾਜ਼ ਨੇ ਉਹਨੂੰ ਰੋਕ ਦਿਤਾ।

'ਇਹ ਜੇਲ੍ਹ ਹੈ,' ਜੇਲਰ ਅਗੇ ਵਧਦਿਆਂ ਬੋਲਿਆ, 'ਤੂੰ ਜੇਲ੍ਹ ਦਾ ਕਾਨੂੰਨ ਤੋੜਿਆ ਹੈ। ਜਾਣਦਾ ਏਂ ਤੈਨੂੰ ਇਸਦੇ ਬਦਲੇ ਸਜ਼ਾ ਦਿਤੀ ਜਾ

ਸਕਦੀ ਹੈ। ਪਰ ਇਹ ਤੇਰੇ ਤਿੰਨ ਸਾਲ ਦੇ ਅਰਸੇ ਵਿਚ ਪਹਿਲਾ ਮੌਕਾ ਹੈ ਇਸ ਲਈ ਮਾਫ਼ ਕਰ ਦਿਤਾ ਜਾਂਦਾ ਹੈ। ਅਗੋਂ ਲਈ ਐਸੀ ਹਰਕਤ ਨਾ ਹੋਵੇ।'

'ਪਰ ਸਾਹਬ...... ਇਸਨੇ ਮੈਨੂੰ ਗਾਲ ਕਢੀ ਹੈ। ਕੀ ਇਕ ਕੈਦੀ ਇਨਸਾਨ ਨਹੀਂ ?'

'ਬਸ ਬਸ।' ਜੇਲਰ ਨੇ ਹਥ ਚੁਕ ਕੇ ਉਹਨੂੰ ਰੋਕ ਦਿਤਾ ਤੇ ਅਗੇ ਵਧ ਗਿਆ।

ਕੈਦੀ ਨੇ ਲੋਹੇ ਦਾ ਹਥੌੜਾ ਸੰਭਾਲਿਆ। ਮੂੰਹ ਤੇ ਆਏ ਪਸੀਨੇ ਨੂੰ ਪੂੰਝਿਆ ਤੇ ਫਿਰ ਪਥਰ ਤੋੜਨ ਲਗ ਪਿਆ। ਕੈਦੀਆਂ ਦੇ ਪਥਰ ਤੋੜਨ ਦੀ ਆਵਾਜ਼ ਅਗੇ ਨਾਲੋਂ ਤੇਜ਼ ਹੋ ਗਈ। ਇਤਨੀ ਦੇਰ ਵਿਚ ਛੁਟੀ ਦੀ ਟਲੀ ਵਜੀ। ਸਭ ਦੇ ਮੁਰਝਾਏ ਹੋਏ ਚੇਹਰਿਆਂ ਤੇ ਖੁਸ਼ੀ ਛਾ ਗਈ। ਉਹ ਆਪਣੀ ਦਿਨ ਭਰ ਦੀ ਥਕਾਵਟ ਭੁਲ ਗਏ ਤੇ ਇਕ ਪਾਸੇ ਵਲ ਤੁਰ ਪਏ। ਸਭ ਤੋਂ ਪਿਛੇ ਨੌਂ ਸੌ ਸੱਤਰ ਸੀ। ਉਹ ਦਸ ਕਦਮ ਹੀ ਤੁਰਿਆ ਹੋਵੇਗਾ ਕਿ ਇਕ ਕਬੂਤਰ ਉਹਦੇ ਮੋਢੇ ਤੇ ਆ ਕੇ ਬਹਿ ਗਿਆ। ਇਹ ਕੋਈ ਨਵੀਂ ਗਲ ਨਹੀਂ ਸੀ। ਜਦ ਵੀ ਉਹ ਛੁਟੀ ਕਰਕੇ ਜਾਂਦਾ, ਕਬੂਤਰ ਉਹਦੇ ਮੋਢੇ ਤੇ ਆ ਬਹਿੰਦਾ। ਗਲ ਇਸ ਤਰ੍ਹਾਂ ਹੋਈ ਕਿ ਇਕ ਦਿਨ ਜਦ ਕਿ ਕਹਿਰ ਦੀ ਗਰਮੀ ਪੈ ਰਹੀ ਸੀ, ਇਹ ਕਬੂਤਰ ਉਹਨੇ ਧੁਪ ਵਿਚ ਤੜਫਦਾ ਵੇਖਿਆ ਸੀ। ਜਦ ਉਹਨੇ ਅਗੇ ਹੋ ਕੇ ਵੇਖਿਆ ਤਾਂ ਉਹ ਘੜੀ ਘੜੀ ਆਪਣਾ ਮੂੰਹ ਖੋਲ੍ਹ ਰਿਹਾ ਸੀ। ਸ਼ਾਇਦ ਪਿਆਸ ਦੇ ਕਾਰਣ। ਉਹਨੇ ਕਬੂਤਰ ਨੂੰ ਚੁਕਿਆ, ਪਾਣੀ ਪਿਆਇਆ ਤੇ ਉਡਾ ਦਿਤਾ। ਉਸ ਦਿਨ ਤੋਂ ਬਾਦ ਉਹ ਰੋਜ਼ ਹੀ ਉਹਦੇ ਮੋਢੇ ਤੇ ਆ ਬਹਿੰਦਾ। ਨੌਂ ਸੌ ਸਤਰ ਨੇ ਕਬੂਤਰ ਵਲ ਵੇਖਿਆ। ਨਿਕੀਆਂ ੨ ਅਖਾਂ ਕਿਤਨੀਆਂ ਪਿਆਰੀਆਂ ਲਗ ਰਹੀਆਂ ਸਨ।

'ਤੂੰ ਤਾਂ ਮੇਰੇ ਵਾਂਗ ਕੈਦੀ ਨਹੀਂ ਏਂ । ਜਾ ਉਡ ਜਾ ਦੂਰ ਜਿਥੇ ਸੱਯਾਦ ਦੀ ਨਜ਼ਰ ਨਾ ਪੈ ਸਕੇ ।' ਕਹਿੰਦਿਆਂ ਉਹਨੇ ਕਬੂਤਰ ਨੂੰ ਦੂਰ ਉਡਾ ਦਿਤਾ ਤੇ ਸਿਰ ਸੁਟ ਕੇ ਅਗੇ ਵਧ ਗਿਆ ।

ਅਜ ਸਨੀਚਰਵਾਰ ਸੀ । ਇਹ ਦਿਨ ਕੈਦੀਆਂ ਲਈ ਸਭ ਤੋਂ ਜ਼ਿਆਦਾ ਖੁਸ਼ੀ ਵਾਲਾ ਹੁੰਦਾ । ਇਸ ਦਿਨ ਉਨ੍ਹਾਂ ਦੀ ਸਬੰਧੀਆਂ ਨਾਲ ਮੁਲਾਕਾਤ ਹੁੰਦੀ ਸੀ । ਸਾਰਿਆਂ ਕੈਦੀਆਂ ਨੂੰ ਪਿੰਜਰੇ ਵਲ ਲਿਜਾਇਆ ਗਿਆ । ਸਿਰਫ ਨੌਂ ਸੋ ਸਤਰ ਇਕਲਾ ਬੈਠਾ ਰਿਹਾ । ਉਹਨੂੰ ਕਿਸੇ ਨੇ ਵੀ ਚਲਣ ਲਈ ਨਾ ਕਿਹਾ । ਉਹਨੂੰ ਕੈਦ ਕਟਦਿਆਂ ਤਿੰਨ ਸਾਲ ਹੋ ਚੁਕੇ ਸਨ । ਪਰ ਇਸ ਦੌਰਾਨ ਵਿਚ ਇਕ ਵਾਰੀ ਵੀ ਕੋਈ ਮਿਲਣ ਨਾ ਆਇਆ ਇਸ ਲਈ ਜੇਲ੍ਹ ਦੇ ਅਧਿਕਾਰੀ ਉਹਨੂੰ ਚਲਣ ਲਈ ਵੀ ਨਾ ਕਹਿੰਦੇ । ਨੌਂ ਸੋ ਸਤਰ ਇਕ ਪਥਰ ਤੇ ਬੈਠ ਗਿਆ ਤੇ ਜ਼ਮੀਨ ਤੇ ਤੁਰੀ ਜਾਂਦੀ ਕੀੜੀਆਂ ਦੀ ਲਾਈਨ ਵਲ ਵੇਖਣ ਲਗ ਪਿਆ ।

'ਚੰਦਰ !' ਕਿਸੇ ਨੇ ਉਹਦੇ ਮੋਢੇ ਤੇ ਹਥ ਰਖ ਦਿਤਾ । ਉਹਨੇ ਚੌਂਕ ਕੇ ਪਿਛੇ ਵੇਖਿਆ । ਸਾਮ੍ਹਣੇ ਅਲਤਾਫ਼ ਖੜਾ ਸੀ । ਸਾਰੇ ਕੈਦੀਆਂ ਵਿਚ ਇਹੋ ਇਕ ਢੰਗ ਦਾ ਆਦਮੀ ਸੀ । ਦੋਵੇਂ ਇਕੋ ਸੁਭਾ ਦੇ ਸਨ ਇਸ ਲਈ ਇਕ ਦੂਜੇ ਦੇ ਗਹਿਰੇ ਮਿਤ੍ਰ ਤੇ ਰਾਜ਼ਦਾਰ ਸਨ ।

'ਚਲ, ਰੋਟੀ ਮਿਲ ਰਹੀ ਹੈ ਚੰਦਰ !' ਅਲਤਾਫ਼ ਨੇ ਉਹਦਾ ਮੋਢਾ ਦਬਾਂਦਿਆਂ ਕਿਹਾ ।

ਉਹ ਅਲਤਾਫ਼ ਦੇ ਨਾਲ ਤੁਰ ਪਿਆ । ਰੋਟੀਆਂ ਲੈ ਕੇ ਦੋਵੇਂ ਇਕ ਪਾਸੇ ਬੈਠ ਗਏ । ਚੰਦਰ ਨੇ ਪਾਣੀ ਪੀਣ ਲਈ ਜਿਉਂ ਹੀ ਗਲਾਸ ਚੁਕਿਆ, ਪਥਰ ਦੀ ਮੂਰਤੀ ਬਣ ਗਿਆ । ਉਹਦਾ ਹਥ ਉਥੇ ਦਾ ਉਥੇ ਹੀ ਰੁਕ ਗਿਆ । ਉਹ ਗਲਾਸ ਨੂੰ ਇਸ ਤਰ੍ਹਾਂ ਘੂਰੀ ਜਾ ਰਿਹਾ ਸੀ ਜਿਸ ਪਾਣੀ ਦੀ ਥਾਂ ਕੋਈ ਮਾਸੂਮ ਸੂਰਤ ਹੋਵੇ........ ।

'ਉਠ ਚੰਦਰ—' ਅਲਤਾਫ਼ ਨੇ ਉਹਦਾ ਮੂੰਹ ਚੁਕਦਿਆਂ ਕਿਹਾ, 'ਮੈਂ ਤੇਰੇ ਜਜ਼ਬਾਤਾਂ ਨੂੰ ਸਮਝਦਾ ਹਾਂ। ਪਰ ਅਜ ਤਕ ਤੂੰ ਇਹ ਨਹੀਂ ਦਸਿਆ ਤੂੰ ਕੌਣ ਏਂ ? ਕਿਥੇ ਰਹਿੰਦਾ ਏਂ ?? ਤੈਨੂੰ ਕਿਤਨੀ ਸਜ਼ਾ ਹੋਈ ਹੈ ??? ਕਿਉਂ ਹੋਈ ਹੈ—?' ਅਲਤਾਫ਼ ਇਕੋ ਸਾਹ ਵਿਚ ਬੋਲ ਗਿਆ।

'ਦੋਸਤ ! ਜੇ ਮੇਰੀ ਕਹਾਣੀ ਨਾ ਸੁਣੇਂ ਤਾਂ ਚੰਗਾ ਹੈ । ਮੈਂ ਸਭ ਕੁਝ ਭੁਲ ਜਾਣਾ ਚਾਹੁੰਦਾ ਹਾਂ। ਆਪਣੇ ਆਪ ਨੂੰ ਵੀ ਭੁਲ ਜਾਣਾ ਚਾਹੁੰਦਾ ਹਾਂ। ਜੇ ਮੈਂ ਆਪਣੀ ਕਹਾਣੀ ਸੁਣਾਈ ਤਾਂ ਮੇਰੇ ਉਹ ਜ਼ਖਮ ਫਿਰ ਹਰੇ ਹੋ ਜਾਣਗੇ ਜਿਨ੍ਹਾਂ ਨੂੰ ਸਮੇਂ ਦੀ ਮਰਹਮ ਨੇ ਭਰ ਦਿਤਾ ਹੈ...... ।

'ਚੰਗਾ ਦੋਸਤ ਤੇਰੀ ਮਰਜ਼ੀ। ਮੈਂ ਤੈਨੂੰ ਮਜਬੂਰ ਨਹੀਂ ਕਰਦਾ।' ਕਹਿੰਦਿਆਂ ਅਲਤਾਫ਼ ਉਠਕੇ ਇਕ ਪਾਸੇ ਵਲ ਤੁਰ ਗਿਆ।

......ਪਰ ਅਲਤਾਫ਼ ਦੇ ਸਵਾਲਾਂ ਨੇ ਉਹਦੇ ਜ਼ਖਮਾਂ ਦੇ ਖਰੀਂਢੇ ਫਿਰ ਪੁਟ ਦਿਤੇ। ਉਹ ਕੌਣ ਹੈ ? ਕਿਥੋਂ ਆਇਆ ਹੈ —?? ਚੰਦਰ ਸਭ ਕੁਝ ਭੁਲ ਜਾਣਾ ਚਾਹੁੰਦਾ ਸੀ ਪਰ ਅਲਤਾਫ਼ ਨੇ ਉਹਦੀ ਸੁਤੀ ਹੋਈ ਆਤਮਾ ਫਿਰ ਜਗਾ ਦਿਤੀ ਸੀ। ਜੋ ਕੁਝ ਉਹ ਭੁਲ ਜਾਣ ਦਾ ਯਤਨ ਕਰ ਰਿਹਾ ਸੀ, ਉਹ ਇਕ ਫਿਲਮ ਦੇ ਫਲੈਸ਼ ਬੈਕ (Flash Back) ਵਾਂਗ ਉਹਦੀਆਂ ਅਖਾਂ ਅਗੇ ਨਚਣ ਲਗ ਪਿਆ।

ਅਜ ਤੋਂ ਛੇ ਸਾਲ ਦਾ ਨਕਸ਼ਾ...... ਉਹਦੇ ਘਰ ਦਾ ਨਕਸ਼ਾ...... ਉਹਦੀਆਂ ਮਜਬੂਰੀਆਂ ਦਾ ਨਕਸ਼ਾ...... ਜਦ ਸੜਕ ਵਿਧਵਾ ਦੀ ਕਿਸਮਤ ਵਾਂਗ ਹਨ੍ਹੇਰੀ ਪਈ ਸੀ। ਤੂਫਾਨ ਆਉਣ ਹੀ ਵਾਲਾ ਸੀ । ਆਕਾਸ਼ ਤੇ ਛਾਏ ਹੋਏ ਕਾਲੇ ਬਦਲਾਂ ਨੇ ਵਾਤਾਵਰਣ ਨੂੰ ਹੋਰ ਵੀ ਭਿਆਨਕ ਬਣਾ ਦਿਤਾ ਸੀ। ਘੜੀ ਘੜੀ ਬਿਜਲੀ ਇਸ ਤਰ੍ਹਾਂ ਕੜਕਦੀ ਜਿਸ ਤਰ੍ਹਾਂ ਕਈ ਜਾਨਾਂ ਲੈ ਲਵੇਗੀ।

ਐਸੇ ਭਿਆਨਕ ਸਮੇਂ ਜਦ ਕਿ ਹਥ ਨੂੰ ਹਥ ਨਹੀਂ ਸੀ ਸੁਝਦਾ

ਚੰਦਰ ਹਨ੍ਹੇਰੀ ਸੜਕ ਦੀ ਹਿੱਕ ਉਤੇ ਦੌੜਦਾ ਜਾ ਰਿਹਾ ਸੀ । ਜਿਉਂ ਜਿਉਂ ਬਿਜਲੀ ਕੜਕਦੀ, ਉਹਦਾ ਦਿਲ ਬੈਠਦਾ ਜਾਂਦਾ । ਸਾਮ੍ਹਣਿਉਂ ਸ਼ਾਂ ਸ਼ਾਂ ਕਰਦੀ ਹਵਾ ਉਹਨੂੰ ਅਗੇ ਵਧਣ ਤੋਂ ਰੋਕ ਰਹੀ ਸੀ । ਚੰਦਰ ਦੀ ਹਿੰਮਤ ਜਵਾਬ ਦੇ ਜਾਂਦੀ । ਫਿਰ ਦਿਲ ਜੋਸ਼ ਖਾਂਦਾ ਤੇ ਉਹ ਪੂਰੇ ਜ਼ੋਰ ਨਾਲ ਦੌੜਦਾ । ਪਰ ਸੜਕ ਸੀ ਕਿ ਵਿਧਵਾ ਦੇ ਜੀਵਨ ਵਾਂਗ ਲੰਮੀ ਹੁੰਦੀ ਜਾ ਰਹੀ ਸੀ । ਪਰ ਉਹਨੇ ਹਿੰਮਤ ਨਾ ਹਾਰੀ ਤੇ ਅਖੀਰ ਘਰ ਪਹੁੰਚ ਹੀ ਗਿਆ ।

'ਬਾਬਾ......ਮੈਂ......ਦਵਾਈ ਲੈ ਆਇਆ ਹਾਂ । ਵੈਦ ਜੀ ਕਹਿੰਦੇ ਹਨ ਤੁਸੀ ਠੀਕ ਹੋ ਜਾਉਗੇ... ।' ਉਹ ਆਪਣੇ ਉਖੜੇ ਹੋਏ ਸਾਹ ਤੇ ਕਾਬੂ ਪਾਂਦਾ ਹੋਇਆ ਬੋਲਿਆ ।

'ਖੋਂ–ਖੋਂ–ਖੋਂ–' ਬਾਪੂ ਆਪਣੀਆਂ ਪਸਲੀਆਂ ਨੂੰ ਦਬਾਂਦਿਆਂ ਬੋਲਣ ਦਾ ਜਤਨ ਕਰ ਰਿਹਾ ਸੀ ।

'ਚੰਦਰ...ਬੇਟਾ....ਹੁਣ...ਦਵਾ...ਦੀ...ਨਹੀਂ...ਦੁਆ...ਦੀ...ਲੋੜ...ਹੈ । ਦੀਵੇ...ਦੀ...ਲੋ...ਸੰਭਾਲ...ਬੇਟਾ...ਰੋਸ਼ਨੀ......ਜਾ...ਰਹੀ...ਹੈ...... ।'

'ਹਾਂ ਬਾਪੂ, ਮੈਂ ਹੁਣੇ ਬੱਤੀ ਠੀਕ ਕਰਦਾ ਹਾਂ ।' ਚੰਦਰ ਝਪਟ ਕੇ ਦੀਵੇ ਕੋਲ ਪਹੁੰਚਿਆ– ਪਰ ਨਿਰਾਸ਼ ਹੋ ਕੇ ਬੋਲਿਆ, 'ਤੇਲ ਮੁਕ ਗਿਆ ਹੈ ਬਾਪੂ– ਕੇਵਲ ਬੱਤੀ ਸੜ ਰਹੀ ਹੈ ।'

ਹਾਂ...ਬੇਟਾ.........ਹੁਣ...ਕੇਵਲ...ਬੱਤੀ...ਸੜ...ਰਹੀ...ਹੈ... । ਮੇਰੇ...... ਜੀਵਨ...ਦੀ...ਲੋ...ਵੀ...ਖਤਮ...ਹੋ...ਰਹੀ...ਹੈ...ਬੇਟਾ... ।'

'ਨਹੀਂ ਬਾਪੂ !'

'ਖੋਂ–ਖੋਂ–ਖੋਂ–'

'ਬਾਪੂ !'

'......... ।'

'ਦੀਵੇ...ਦੀ...ਲੋ...ਸੰਭਾਲ...ਬੇਟਾ...ਤੂਫਾਨ...ਆ...ਰਿਹਾ...ਹੈ...... ।'

ਚੰਦਰ ਅਗੇ ਵਧਿਆ, ਪਰ ਦੀਪਕ ਜੋ ਅਗੇ ਹੀ ਟਿਮਟਿਮਾ ਰਿਹਾ ਸੀ, ਹਵਾ ਦੇ ਇਕ ਝੋਂਕੇ ਨਾਲ ਹੀ ਬੁਝ ਗਿਆ । ਹਨ੍ਹੇਰੇ ਵਿਚ ਹੀ ਉਹਦੀ ਮਾਂ ਦੀ ਚੀਕ ਨਿਕਲ ਗਈ । ਚੰਦਰ ਬਾਪੂ ਦੀ ਲਾਸ਼ ਨਾਲ ਚੰਬੜਿਆ ਰੋ ਰਿਹਾ ਸੀ । ਕੋਲ ਹੀ ਉਹਦੀ ਦਸ ਯਾਰਾਂ ਸਾਲ ਦੀ ਭੈਣ ਸੁਤੀ ਪਈ ਸੀ । ਰੋਣ ਦੀ ਆਵਾਜ਼ ਸੁਣ ਕੇ ਉਹ ਵੀ ਜਾਗ ਪਈ । ਸਾਰੇ ਘਰ ਵਿਚ ਕੇਵਲ ਤਿੰਨਾਂ ਦੀਆਂ ਚੀਕਾਂ ਦੀ ਆਵਾਜ਼ ਆ ਰਹੀ ਸੀ । ਤੂਫਾਨ ਤੇ ਮੀਂਹ ਦੇ ਮਿਲੇ ਜੁਲੇ ਸ਼ੋਰ ਵਿਚ ਉਹਨਾਂ ਦੀਆਂ ਚੀਕਾਂ ਦਬੀਆਂ ਗਈਆਂ । ਤੂਫਾਨ ਪਲੋ ਪਲੀ ਤੇਜ਼ ਹੋ ਰਿਹਾ ਸੀ । ਇਸ ਤਰ੍ਹਾਂ ਲਗਦਾ ਜਿਸ ਤਰ੍ਹਾਂ ਅਜ ਦੀ ਰਾਤ ਕਿਆਮਤ ਦੀ ਰਾਤ ਹੈ । ਪਾਣੀ ਸੀ, ਕਿ ਦੁਖੀ ਅਖਾਂ ਵਾਂਗ ਰੁਕਣ ਦਾ ਨਾਂ ਨਹੀਂ ਸੀ ਲੈਂਦਾ । ਹਵਾ ਦੇ ਇਕ ਝੋਂਕੇ ਨਾਲ ਹੀ ਘਰ ਦਾ ਦਰਵਾਜ਼ਾ ਬੰਦ ਹੋ ਗਿਆ । ਸਵੇਰੇ ਮੁਹੱਲੇ ਦੇ ਲੋਕੀ ਇਕਠੇ ਹੋ ਗਏ ਤੇ ਅਰਥੀ ਚੁਕ ਲਈ । ਵੇਖਦਿਆਂ ਹੀ ਵੇਖਦਿਆਂ ਲਕੜਾਂ ਨੂੰ ਅਗ ਲਗ ਗਈ । ਸ਼ੋਲੇ ਉਠੇ ਤੇ ਫਿਰ ਬੈਠ ਗਏ । ਮਿਟੀ ਦਾ ਸ਼ਰੀਰ ਮਿਟੀ ਵਿਚ ਮਿਲ ਗਿਆ । ਭਖਦੇ ਅੰਗਾਰੇ ਮੁਠੀ ਭਰ ਹਡੀਆਂ ਨੂੰ ਵੀ ਭਸਮ ਕਰ ਦੇਣ ਦਾ ਅਸੱਫਲ ਯਤਨ ਕਰ ਰਹੇ ਸਨ ।

ਚੰਦਰ ਹਾਲਾਂ ਘਰ ਪਹੁੰਚਿਆ ਹੀ ਸੀ ਕਿ ਮਹਾਜਨ ਆ ਗਿਆ । 'ਕਿਉਂ ਮੁੰਡਿਆ, ਲਿਆਵਾਂ ਕੁਰਕੀ ਯਾ ਸਿਧੀ ਤਰ੍ਹਾਂ ਪੈਸੇ ਦੇਣੇ ਨੀ ?'

'ਭਰਾ ਜੀ, ਉਹਨਾਂ ਦਾ ਕਿਰਿਆ ਕਰਮ ਤਾਂ ਕਰਨ ਦਿਤਾ ਹੁੰਦਾ । ਚੰਦਰ ਦੀ ਮਾਂ ਦਰਵਾਜ਼ੇ ਦੇ ਉਹਲੇ ਹੋ ਕੇ ਬੋਲੀ ।

'ਤੇ ਤੁਹਾਡਾ ਮਤਲਬ ਹੈ ਤੁਸੀ ਉਸ ਵੇਲੇ ਪੈਸੇ ਦਿਉਗੇ ਜਦ ਮੇਰਾ ਕਿਰਿਆ ਕਰਮ ਹੋ ਜਾਏਗਾ ?'

'ਰਾਮ ਰਾਮ, ਭਰਾ ਜੀ ਸਵੇਰੇ ੨ ਇਹ ਕੀ ਕਹਿ ਰਹੇ ਹੋ । ਸਾਨੂੰ ਕੁਝ ਦਿਨਾਂ ਦੀ ਮੋਹਲਤ ਦਿਉ ਅਸੀ ਤੁਹਾਡੀ ਪਾਈ ੨ ਚੁਕਾ ਦਿਆਂਗੇ ।'

ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲੇ, ਚੰਦਰ ਨੇ ਪੁਛਿਆ, 'ਤੁਹਾਡੇ ਕਿਤਨੇ ਪੈਸੇ ਹਨ ?'

ਕੋਈ ਥੋੜੇ ਨਹੀਂ । ਪੂਰੇ ਪੰਜ ਸੌ ਹਨ ।'

'ਤੁਸੀਂ ਕੁਝ ਦਿਨ ਠਹਿਰ ਜਾਉ । ਮੈਂ ਸ਼ਹਿਰ ਜਾ ਕੇ ਕੰਮ ਕਰਾਂ ਗਾ । ਜਿਤਨੇ ਪੈਸੇ ਭੇਜਾਂਗਾ ਤੁਸੀਂ ਆਪਣੇ ਹਿਸਾਬ ਦੇ ਕਟ ਕੇ ਬਾਕੀ ਰਕਮ ਸਾਡੇ ਘਰ ਦੇ ਦਿਆ ਕਰਨੀ ।

'ਬਲੇ ਉਏ ਮੁੰਡਿਆ । ਸ਼ਹਿਰ ਜਾ ਕੇ ਤਾਂ ਜਿਸ ਤਰ੍ਹਾਂ ਡਿਪਟੀ ਕਲੈਕਟਰ ਲਗ ਜਾਏਂਗਾ । ਮੈਂ ਵਾਧੂ ਗਲ ਨਹੀਂ ਜਾਣਦਾ । ਚੁਪ ਚਾਪ ਪੈਸੇ ਦੇ ਦਿਉ ।'

'ਪਰ ਤੁਸੀ ਇਕ ਮਹੀਨਾ ਇੰਤਜ਼ਾਰ ਕਰਕੇ ਤਾਂ ਵੇਖੋ । ਉਸ ਤੋਂ ਬਾਅਦ ਜੋ ਮਰਜ਼ੀ ਆਵੇ ਕਰਨੀ ।' ਚੰਦਰ ਗਿੜਗਿੜਾ ਕ ਬੋਲਿਆ ।

'ਚੰਗਾ ਮੰਜ਼ੂਰ ਹੈ । ਤੇਰੇ ਪਿਉ ਨੇ ਪੰਜਾਹ ਰੁਪਏ ਮਹੀਨਾ ਦੇਣਾ ਕੀਤਾ ਸੀ । ਤੂੰ ਜਿਤਨੇ ਭੇਜਿਆ ਕਰੇਂਗਾ ਮੈਂ ਆਪਣੀ ਕਿਸ਼ਤ ਕਟਾਕੇ ਬਾਕੀ ਤੇਰੇ ਘਰ ਦੇ ਦਿਆ ਕਰਾਂਗਾ ।' ਕਹਿੰਦਾ ਹੋਇਆ ਮਹਾਜਨ ਅਗੇ ਵਧ ਗਿਆ ।

ਚੰਦਰ ਨੇ ਦੂਜੇ ਦਿਨ ਹੀ ਸ਼ਹਿਰ ਜਾਣ ਦੀ ਤਿਆਰੀ ਕਰ ਲਈ । ਉਹਨੇ ਸੁਣਿਆ ਹੋਇਆ ਸੀ ਕਿ ਸ਼ਹਿਰ ਵਿਚ ਕਈ ਕੰਮ ਮਿਲ ਜਾਂਦੇ ਹਨ । ਮਾਂ ਦੇ ਇਨਕਾਰ ਕਰਨ ਤੇ ਵੀ ਉਹਨੇ ਸ਼ਹਿਰ ਜਾਣ ਦਾ ਪੱਕਾ ਇਰਾਦਾ ਕਰ ਲਿਆ । ਪਰ ਜਦ ਸ਼ਹਿਰ ਪਹੁੰਚਿਆ ਤਾਂ ਦਿਲ ਦੇ ਅਰਮਾਨ ਦਿਲ ਵਿਚ ਹੀ ਰਹਿ ਗਏ । ਉਹਦੇ ਸਾਰੇ ਸੁਨਿਹਰੀ ਖਵਾਬ ਮਿਟੀ ਵਿਚ

ਮਿਲ ਗਏ। ਸ਼ਹਿਰ ਵਿਚ ਘੁੰਮਦਿਆਂ ਅਜ ਉਹਦਾ ਛੇਵਾਂ ਦਿਨ ਸੀ। ਉਹਨੇ ਸਾਰੇ ਦਫ਼ਤਰ ਖਾਣ ਮਾਰੇ। ਹਰ ਛੋਟਾ ਕੰਮ ਕਰਨ ਲਈ ਤਿਆਰ ਹੋਇਆ ਪਰ ਕੋਈ ਕੰਮ ਨਾ ਮਿਲਿਆ। ਹਰ ਵੇਲੇ ਸੜਕਾਂ ਤੇ ਭਟਕਦਾ ਰਹਿੰਦਾ ਪਰ ਕੋਈ ਕੰਮ ਨਾ ਮਿਲਦਾ। ਇਸ ਵੇਲੇ ਵੀ ਉਹ ਗਰਮ ਤਵੇ ਵਰਗੀ ਸੜਕ ਤੇ ਨੰਗੇ ਪੈਰੀਂ ਭਟਕ ਰਿਹਾ ਸੀ। ਜਦ ਚੌਂਕ ਵਿਚ ਪਹੁੰਚਿਆ ਤਾਂ ਇਕ ਔਰਤ ਰਕਸ਼ੇ ਤੋਂ ਉਤਰ ਰਹੀ ਸੀ। ਉਹਨੇ ਰਕਸ਼ੇ ਵਾਲੇ ਨੂੰ ਇਕ ਰੁਪਿਆ ਦਿਤਾ। ਚੰਦਰ ਦੀਆਂ ਨਿਰਾਸ਼ ਅਖਾਂ ਵਿਚ ਚਮਕ ਆ ਗਈ। ਉਹਦੀਆਂ ਅਖਾਂ ਅਗੇ ਭਵਿਸ਼ ਚਮਕ ਰਿਹਾ ਸੀ। ਇਕ ਫ਼ਿਲਮ ਵਾਂਗ ਚੰਦਰ ਵੇਖ ਰਿਹਾ ਸੀ। ਉਹ ਰਕਸ਼ਾ ਚਲਾ ਰਿਹਾ ਹੈ। ਲੋਕੀ ਉਹਨੂੰ ਪੈਸੇ ਦੇ ਰਹੇ ਹਨ। ਚਾਰ ਆਨੇ, ਅਠ ਆਨੇ ਇਕ ਰੁਪਿਆ...। ਚੰਦਰ ਦੇ ਸਾਮ੍ਹਣੇ ਰੁਪਿਆਂ ਦੀ ਬਾਰਸ਼ ਹੋ ਰਹੀ ਸੀ। ਇਹਨਾਂ ਪੈਸਿਆਂ ਦੀ ਬਾਰਸ਼ ਵਿਚ ਉਹਨੂੰ ਕਈ ਚੇਹਰੇ ਨਜ਼ਰ ਆਏ। ਮਹਾਜਨ ਦੀਆਂ ਕ੍ਰੋਧੀ ਅਖਾਂ... ਉਹ ਕਹਿੰਦੀਆਂ ਸਨ–ਪੈਸਾ! ਪੈਸਾ!! ਪੈਸਾ!!!......ਆਪਣੀ ਭੈਣ ਦੀਆਂ ਮਾਸੂਮ ਅਖਾਂ। ਉਹ ਦੁਲਹਨ ਬਣੀ ਬੈਠੀ ਸੀ ਤੇ ਉਹਦੇ ਵਿਆਹ ਛੇਤੀ ਚਾਹੀਦਾ ਸੀ–ਪੈਸਾ! ਪੈਸਾ!! ਪੈਸਾ!!! ਫਿਕ ਉਹਦੀ ਮਾਂ ਦਾ ਚੇਹਰਾ ਆ ਗਿਆ। ਉਹ ਕਹਿ ਰਹੀ ਸੀ– ਬੇਟਾ ਪੈਸਾ!...ਪੈਸਾ!!... ਪੈਸਾ!!!... ਚੰਦਰ ਰਕਸ਼ਾ ਚਲਾਈ ਜਾ ਰਿਹਾ ਸੀ ਤੇ ਪੈਸੇ ਆਈ ਜਾ ਰਹੇ ਸਨ। ਉਹਨੇ ਵੇਖਿਆਂ ਪੈਸਾ! ਪੈਸਾ!! ਪੈਸਾ!!! ਮਹਾਜਨ ਦਾ ਕਰਜ਼ਾ ਮੁਕ ਗਿਆ...। ਭੈਣ ਦਾ ਵਿਆਹ ਹੋ ਗਿਆ......। ਸਾਰੇ ਦੁਖ ਦੂਰ ਹੋ ਗਏ। ਦੁਖ ਦੇ ਬਦਲ ਉਡ ਗਏ। ਚਾਰੇ ਪਾਸੇ ਖੁਸ਼ੀ ਛਾ ਗਈ। ਚੰਦਰ ਭਾਵਨਾ ਵਿਚ ਇਕ ਅਜੀਬ ਖਵਾਬ ਵੇਖ ਰਿਹਾ ਸੀ...।

ਪਰ ਜਦ ਧਿਆਨ ਭੰਗ ਹੋਇਆ ਤਾਂ। ਉਹ ਮੈਲੇ ਕਪੜਿਆਂ ਵਿਚ ਹੀ ਸੜਕ ਤੇ ਖੜਾ ਸੀ। ਪਹਿਲਾਂ ਤਾਂ ਉਹ ਝਕਿਆ ਪਰ ਫਿਰ ਹਿੰਮਤ ਕਰਕੇ ਰਕਸ਼ੇ ਵਾਲੇ ਕੋਲ ਚਲਾ ਗਿਆ। ਉਹਨੇ ਆਪਣੀ ਬੇਕਾਰੀ ਦੀ

ਦਸ਼ਾ ਰਕਸ਼ੇ ਵਾਲੇ ਨੂੰ ਦਸੀ ਤੇ ਕਿਹਾ ਕਿ ਉਹ ਹਰ ਕੰਮ ਕਰਨ ਨੂੰ ਤਿਆਰ ਹੈ। ਰਕਸ਼ੇ ਵਾਲਾ ਵੀ ਸ਼ਾਇਦ ਉਹਦੇ ਵਰਗਾ ਹੀ ਮਜਬੂਰ ਸੀ। ਉਹ ਚੰਦਰ ਨੂੰ ਆਪਣੇ ਮਾਲਕ ਕੋਲ ਲੈ ਗਿਆ ਅਤੇ ਕਿਰਾਏ ਤੇ ਰਕਸ਼ਾ ਲੈ ਦਿਤਾ। ਚੰਦਰ ਦੀ ਖੁਸ਼ੀ ਦਾ ਠਿਕਾਣਾ ਨਾ ਰਿਹਾ। ਉਹਨੇ ਦਿਨ ਰਾਤ ਰਕਸ਼ਾ ਚਲਾਣਾ ਸ਼ੁਰੂ ਕਰ ਦਿਤਾ। ਹਰ ਮਹੀਨੇ ਸੌ ਸਵਾ ਸੌ ਬਣ ਜਾਂਦਾ। ਆਪਣੇ ਖਰਚ ਲਈ ਰਖ ਕੇ ਬਾਕੀ ਪੈਸੇ ਮਹਾਜਨ ਦੇ ਨਾਂ ਭੇਜ ਦੇਂਦਾ।

ਇਸ ਤਰ੍ਹਾਂ ਇਕ ਸਾਲ ਬੀਤ ਗਿਆ। ਹੁਣ ਮਹਾਜਨ ਦਾ ਕਰਜ਼ਾ ਮੁਕ ਚੁਕਾ ਸੀ। ਉਹਨੇ ਮਾਂ ਕੋਲ ਜਾਣ ਦਾ ਖਿਆਲ ਬਣਾਇਆ।

ਜਦ ਉਹ ਪਿੰਡ ਪਹੁੰਚਿਆ ਤਾਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਜਿਥੇ ਉਹਦਾ ਘਰ ਸੀ ਉਥੇ ਇਕ ਪੱਕਾ ਮਕਾਨ ਬਣਿਆ ਹੋਇਆ ਸੀ। ਅਗੋਂ ਪਿਛੋਂ ਪੁਛਣ ਤੇ ਪਤਾ ਲਗਾ ਕਿ ਉਹਦੀ ਮਾਂ ਤਾਂ ਮਰ ਚੁਕੀ ਹੈ ਤੇ ਭੈਣ ਦਾ ਕੋਈ ਪਤਾ ਨਹੀਂ। ਚੰਦਰ ਮਹਾਜਨ ਕੋਲ ਗਿਆ ਪਰ ਉਹਨੇ ਵੀ ਕਿਹਾ ਕਿ ਉਹਦੀ ਭੈਣ ਦਾ ਕੋਈ ਪਤਾ ਨਹੀਂ।

ਉਹੋ ਪਿੰਡ ਸੀ, ਉਹੋ ਰਸਤੇ ਸਨ। ਉਹੋ ਲੋਕੀ ਸਨ ਪਰ ਚੰਦਰ ਦੀ ਦੁਨੀਆਂ ਉਜੜ ਚੁਕੀ ਸੀ। ਉਹਦੀ ਪਿਆਰੀ ਭੈਣ ਕਿਧਰ ਗਈ? ਖਿਸੇ ਨੇ ਵੀ ਨਾ ਦਸਿਆ। ਆਖਰ ਥਕ ਹਾਰ ਕੇ ਉਹ ਉਥੇ ਬੈਠ ਗਿਆ। ਉਹਦੀਆਂ ਅਖਾਂ ਵਿਚ ਹੰਝੂ ਤੈਰ ਰਹੇ ਸਨ।

'ਮੈਂ ਸਾਰੀ ਦੁਨੀਆਂ ਨੂੰ ਅੱਗ ਲਗਾ ਦਿਆਂਗਾ।' ਉਹ ਯਕਦਮ ਖੜਾ ਹੋ ਗਿਆ। ਗੁਸੇ ਨਾਲ ਉਹਦੀਆਂ ਅਖਾਂ ਅੰਗਿਆਰਿਆਂ ਵਾਂਗ ਲਾਲ ਹੋ ਗਈਆਂ। ਉਹ ਬੁਰੀ ਤਰ੍ਹਾਂ ਕੰਬ ਰਿਹਾ ਸੀ। 'ਕੀ ਗਰੀਬ ਹੋਣਾ ਗੁਨਾਹ ਹੈ? ਕੀ ਇਕ ਗਰੀਬ ਦੀ ਕੋਈ ਇਜ਼ਤ ਨਹੀਂ??' ਉਹ ਆਪਣੇ ਆਪ ਬੁੜਬੜਾ ਰਿਹਾ ਸੀ। 'ਇਸ ਦੁਨੀਆਂ ਨੇ ਮੇਰੀ ਭੈਣ ਖੋਹ ਲਈ ਹੈ। ਮੇਰੇ ਕੋਲ ਪੈਸੇ ਦੀ ਹੀ ਕਮੀ ਸੀ ਨਾ? ਹੁਣ ਮੈਂ ਦੁਨੀਆਂ ਕੋਲੋਂ ਪੈਸੇ ਲੁਟਾਂਗਾ। ਡਾਕੂ ਬਣਾਂਗਾ। ਹਾ! ਹਾ!! ਹਾ!!! ਮੈਂ ਲੋਕਾਂ ਦੇ

ਧਨ ਦੌਲਤ ਤੇ ਡਾਕੇ ਮਾਰਾਂਗਾ। ਮੈਂ ਆਪਣੀ ਭੈਣ ਨੂੰ ਲਭ ਕੇ ਸਾਰੀ ਦੁਨੀਆਂ ਦੀ ਦੌਲਤ ਉਹਦੇ ਕਦਮਾਂ ਤੇ ਸੁਟ ਦਿਆਂਗਾ।

ਇਸ ਘਟਨਾ ਨੇ ਉਹਦੀ ਜੀਵਨ ਧਾਰਾ ਬਦਲ ਦਿਤੀ। ਉਸ ਦਿਨ ਤੋਂ ਬਾਦ ਹੀ ਉਹਨੇ ਡਾਕੇ ਮਾਰਨੇ ਸ਼ੁਰੂ ਕਰ ਦਿਤੇ। ਇਕ ਦਿਨ ਫੜਿਆ ਗਿਆ ਤੇ ਸਜ਼ਾ ਹੋ ਗਈ। ਉਹੋ ਚੰਦਰ ਜੋ ਇਮਾਨਦਾਰੀ ਨਾਲ ਰੋਟੀ ਕਮਾਣ ਦੀ ਸੋਚਦਾ ਸੀ, ਡਾਕੂ ਬਣ ਗਿਆ ਤੇ ਅਜ ਜੇਲ੍ਹ ਦੀਆਂ ਉਹਨਾਂ ਮਜ਼ਬੂਤ ਸਲਾਖਾਂ ਪਿਛੇ ਹੈ ਜਿਥੋਂ ਲਖ ਛਟਪਟਾਣ ਤੇ ਵੀ ਆਦਮੀ ਨਹੀਂ ਛੁਟ ਸਕਦਾ।

● ● ●

ਰਾਤ ਦੇ ਬਾਰ੍ਹਾਂ ਵਜ ਚੁਕੇ ਸਨ। ਸਰਦੀ ਦਾ ਮੌਸਮ ਹੋਣ ਕਰਕੇ ਸ਼ਹਿਰ ਦੀਆਂ ਸੜਕਾਂ ਸੁਨਸਾਨ ਪਈਆਂ ਸਨ। ਦੂਰ ਦੂਰ ਤਕ ਕੋਈ ਆਦਮੀ ਨਹੀਂ ਸੀ ਨਜ਼ਰ ਆਉਂਦਾ। ਕਦੀ ਕਦੀ ਕਿਸੇ ਚੌਕੀਦਾਰ ਦੀ ਖ਼ਬਰਦਾਰ ਹੋਸ਼ਿਆਰ ਦੀ ਆਵਾਜ਼ ਸੁਣਾਈ ਦੇਂਦੀ ਤੇ ਫ਼ਿਰ ਪਹਿਲਾਂ ਵਰਗੀ ਖ਼ਾਮੋਸ਼ੀ ਛਾ ਜਾਂਦੀ। ਹਰ ਪਾਸੇ ਅਜੀਬ ਸਨਾਟਾ ਸੀ। ਇਸ ਸਨਾਟੇ ਵਿਚ ਪੁਲਿਸ ਵਾਲਿਆਂ ਦਾ ਗਸ਼ਤੀ ਦਸਤਾ ਲੰਘਦਾ ਤੇ ਭਾਰੀ ਬੂਟਾਂ ਦੀ ਖਟ ਖਟ ਗੂੰਜ ਉਠਦੀ।

ਸ਼ਹਿਰਾਂ ਵਿਚ ਕੁਝ ਐਸੀਆਂ ਜਗ੍ਹਾ ਵੀ ਹੁੰਦੀਆਂ ਹਨ ਜੋ ਦਿਨ ਭਰ ਤਾਂ ਸੁਸਤ ਰਹਿੰਦੀਆਂ ਹਨ ਪਰ ਰਾਤ ਨੂੰ ਉਹਨਾਂ ਤੇ ਜਵਾਨੀ ਛਾ ਜਾਂਦੀ ਹੈ। ਐਸੀ ਹੀ ਜਗ੍ਹਾ ਤੇ ਪਾਨ ਵਾਲੇ ਦੀ ਬੇਸੁਰੀ ਤਾਨ ਤੇ ਸ਼ਰਾਬੀਆਂ ਦੀ ਬਕਵਾਸ ਸੁਣਾਈ ਦੇ ਰਹੀ ਸੀ। ਇਧਰ ਉਧਰ ਕੁਝ ਆਦਮੀ ਆ ਜਾ ਰਹੇ ਸਨ। ਉਹਨਾਂ ਦੀਆਂ ਸ਼ਕਲਾਂ ਹੀ ਦਸ ਰਹੀਆਂ ਸਨ ਕਿ ਉਹ ਸਮਾਜ ਦੇ ਦਾਮਨ ਤੇ ਕਦੀ ਨਾ ਮਿਟਣ ਵਾਲਾ ਕਲੰਕ ਹਨ।

ਕਿਸੇ ਕਿਸੇ ਚੁਬਾਰੇ ਤੋਂ ਹੁਣ ਵੀ ਤਬਲੇ ਦੀ ਥਾਪ, ਘੁੰਗਰੂਆਂ ਦੀ ਛਣਕਾਰ ਤੇ ਫ਼ਹਿਸ਼ ਗਾਣਿਆਂ ਦੀ ਆਵਾਜ਼ ਆ ਰਹੀ ਸੀ।

ਇਤਨੀ ਦੇਰ ਵਿਚ ਇਕ ਸੱਜੇ ਪਾਸੇ ਵਾਲੀ ਪਾਨ ਦੀ ਦੁਕਾਨ ਕੋਲ ਇਕ ਕਾਰ ਰੁਕੀ ਤੇ ਇਕ ਖ਼ੁਸ਼ਪੋਸ਼ ਨੌਜਵਾਨ ਬਾਹਰ ਨਿਕਲਿਆ। ਉਹਨੇ ਫਰ ਦੀ ਦੀ ਟੋਪੀ, ਕਾਲੀ ਸ਼ੇਰਵਾਨੀ ਤੇ ਚੂੜੀਦਾਰ ਪਜਾਮਾ ਪਾਇਆ ਹੋਇਆ ਸੀ। ਮੂੰਹ ਤੇ ਘਣੀਆਂ ਮੁੱਛਾਂ ਸਨ ਤੇ ਸਜੀ ਗਲ੍ਹ ਤੇ ਕਿਸੇ ਐਸੇ ਜ਼ਖ਼ਮ ਦਾ ਨਿਸ਼ਾਨ ਸੀ ਜੋ ਅਜ ਤਕ ਕਿਸੇ ਅਸਾਧਾਰਣ ਘਟਨਾ ਦੀ ਗਵਾਹੀ ਦੇ ਰਿਹਾ ਸੀ। ਜਿਉਂ ਹੀ ਉਹ ਕਾਰ ਤੋਂ ਉਤਰਿਆ ਉਹਦੇ ਕੋਲ ਇਕ ਆਦਮੀ ਆ ਗਿਆ।

'ਮਾਲ ਚਾਹੀਏ ਸਾਹਿਬ।' ਉਹਨੇ ਦਬੀ ਆਵਾਜ਼ ਵਿਚ ਕਿਹਾ।

'ਕੈਸਾ ਹੈ?' ਪੁਛਣ ਵਾਲੇ ਦੀ ਆਵਾਜ਼ ਵਿਚ ਕੁਝ ਘਬਰਾਹਟ ਸੀ

'ਏਕਦਮ ਫਸਟ ਕਲਾਸ ਹੈ ਸਾਹਿਬ।'

'ਹਮਕੋ ਪੈਸੇ ਕਾ ਪਰਵਾਹ ਨਹੀਂ ਹੈ ਲੇਕਿਨ...।'

'ਹਮ ਕਦਰਦਾਨ ਲੋਗੋਂ ਕੋ ਜਾਨਤਾ ਹੈ ਸਾਹਿਬ।'

ਦੋਵੇਂ ਹਨ੍ਹੇਰੇ ਵਿਚ ਹੀ ਇਕ ਪਾਸੇ ਤੁਰ ਪਏ। ਹੁਣ ਉਹ ਪੌੜੀਆਂ ਚੜ੍ਹ ਰਹੇ ਸਨ। ਉਤੇ ਪਹੁੰਚਦਿਆਂ ਉਹਨਾਂ ਨੂੰ ਇਕ ਮਿੰਟ ਤੋਂ ਵਧ ਨਾ ਲਗਾ।

'ਓ ਖਾਲਾ!' ਉਹਨੇ ਦਰਵਾਜ਼ਾ ਖਟਖਟਾਇਆ। ਦਰਵਾਜ਼ਾ ਖੁਲ੍ਹਿਆ ਤੇ ਇਕ ਮੋਟੀ ਤੇ ਭਦੀ ਜਿਹੀ ਔਰਤ ਨੇ ਸਿਰ ਬਾਹਰ ਕਢਿਆ।

'ਆਉ-ਆਉ, ਸਿਰ ਅੱਖਾਂ ਤੇ।' ਉਹ ਪਿਛੇ ਹਟਦੀ ਹੋਈ ਬੋਲੀ। ਕਾਲੀ ਸ਼ੇਰਵਾਨੀ ਵਾਲਾ ਅੰਦਰ ਚਲਾ ਗਿਆ ਤੇ ਦੂਜਾ ਖਾਲਾ ਨੂੰ ਖਬੀ ਅੱਖ ਦਬਾ ਕੇ ਪੌੜੀਆਂ ਉਤਰ ਗਿਆ।

'ਤਸ਼ਰੀਫ ਰਖੋ ਹਜ਼ੂਰ।' ਖਾਲਾ ਨੇ ਕਾਲੀਨ ਤੇ ਪਏ ਗੋਲ ਤਕੀਏ ਵਲ ਇਸ਼ਾਰਾ ਕੀਤਾ। ਜਦ ਉਹ ਬਹਿ ਗਿਆ ਤਾਂ ਖਾਲਾ ਅੰਦਰ ਚਲੀ

ਗਈ। ਜਦ ਉਹ ਵਾਪਸ ਆਈ ਤਾਂ ਸ਼ੇਰਵਾਨੀ ਵਾਲਾ ਆਪਣੇ ਬੁਲ੍ਹ ਚਟਣ ਲਗ ਪਿਆ। ਖਾਲਾ ਦੇ ਨਾਲ ਸੁੰਦਰਤਾ ਦੀ ਸਾਖਸ਼ਾਤ ਦੇਵੀ ਸੀ। ਸ਼ੇਰਵਾਨੀ ਵਾਲਾ ਉਹਨੂੰ ਅਪੱਲਕ ਵੇਖੀ ਜਾ ਰਿਹਾ ਸੀ।

ਭੋਲਾ ਭਾਲਾ ਮੁਖੜਾ। ਅਖਾਂ ਇਸ ਤਰ੍ਹਾਂ ਜਿਸ ਤਰ੍ਹਾਂ ਕਿਸੇ ਦੇਵਤੇ ਤੇ ਚੜ੍ਹਾਏ ਹੋਏ ਦੋ ਦੀਪਕ ਹੋਣ। ਹੇਠਲੇ ਬੁਲ੍ਹ ਦੇ ਦਰਮਿਆਨ ਦਾ ਥੰਮ ਤਾਂ ਗਜ਼ਬ ਢਾ ਰਿਹਾ ਸੀ। ਉਹਦੇ ਮਥ ਤੇ ਝੂਲਦੀ ਸਿਆਹ ਜ਼ੁਲਫ ਕਿਸੇ ਨਾਗਨ ਵਾਂਗ ਲਹਿਰਾ ਰਹੀ ਸੀ।

'ਗੁਸਤਾਖ਼ ਲੜਕੀ! ਸਲਾਮ ਵਜਾ!! ਖਾਲਾ ਨੇ ਉਹਨੂੰ ਡਾਂਟਦਿਆਂ ਕਿਹਾ ਤੇ ਸ਼ੇਰਵਾਨੀ ਵਾਲੇ ਵਲ ਵੇਖਦੀ ਹੋਈ ਬੋਲੀ, 'ਮਾਫ ਕਰਨਾ ਹਜ਼ੂਰ ਨਵੀਂ ੨ ਹੈ ਇਸ ਲਈ ਸ਼ਰਮਾਂਦੀ ਹੈ।'

ਇਸ ਤੋਂ ਪਹਿਲਾਂ ਕਿ ਖਾਲਾ ਕੁਝ ਹੋਰ ਆਖੇ ਉਹ ਸ਼ੇਰਵਾਨੀ ਵਾਲੇ ਦੇ ਪੈਰਾਂ ਤੇ ਡਿਗਦੀ ਹੋਈ ਬੋਲੀ, 'ਮੈਨੂੰ ਮਾਫ ਕਰ ਦਿਉ। ਮੈਂ ਤੁਹਾਡੇ ਪੈਰੀਂ ਪੈਂਦੀ ਹਾਂ। ਤੁਸੀਂ ਮੈਨੂੰ ਜਾਨੋਂ ਮਾਰ ਦਿਉ ਪਰ ਜ਼ਲੀਲ ਨ ਕਰੋ।

ਖਾਲਾ ਦੀਆਂ ਅਖਾਂ ਅੰਗਾਰੇ ਵਸਾ ਰਹੀਆਂ ਸਨ। ਉਹਨੇ ਕੋਲ ਖੜੇ ਅਬਦੁਲ ਨੂੰ ਇਸ਼ਾਰਾ ਕੀਤਾ। ਉਹਨੇ ਬਗਲ ਚੋਂ ਹੈਂਟਰ ਕਢਿਆ ਤੇ ਦੋ ਤਿੰਨ ਵਾਰੀ ਉਹਦੀਆਂ ਨੰਗੀਆਂ ਪਿੰਡਲੀਆਂ ਤੇ ਮਾਰਿਆ। ਉਹ-ਦੀਆਂ ਚੀਕਾਂ ਨਿਕਲ ਗਈਆਂ। ਹੈਂਟਰ ਫਿਰ ਪੈਣ ਹੀ ਲਗਾ ਸੀ ਕਿ ਸ਼ੇਰਵਾਨੀ ਵਾਲੇ ਨੇ ਉਹਨੂੰ ਹਥ ਦੇ ਇਸ਼ਾਰੇ ਨਾਲ ਰੋਕ ਦਿਤਾ। ਖਾਲਾ ਨੇ ਇਸ਼ਾਰਾ ਕੀਤਾ ਤੇ ਅਬਦੁਲ ਬਾਹਰ ਨਿਕਲ ਗਿਆ।

'ਅਜ ਤਕ ਇਹ ਕਲੀ ਕਿਥੇ ਛੁਪਾਈ ਰਖੀ ਜੇ?' ਸ਼ੇਰਵਾਨੀ ਵਾਲਾ ਖਾਲਾ ਵਲ ਵੇਖਦਿਆਂ ਮੁਸਕ੍ਰਾਇਆ।

'ਹਾਏ ਅਲਾ!' ਖਾਲਾ ਛਾਤੀ ਤੇ ਹਥ ਮਾਰ ਕੇ ਬੋਲੀ। ਉਹਨੇ

ਕੋਲ ਪਏ ਪੀਕਦਾਨ ਵਿਚ ਪਾਨ ਦੀ ਪੀਕ ਥੁਕੀ ਤੇ ਆਪਣੇ ਲਾਲ ਦੰਦ ਖਿੜਾਂਦੀ ਹੋਈ ਬੋਲੀ। 'ਨਵਾਬ ਸਾਹਿਬ ! ਇਹ ਫੁਲ ਮਸਲਣ ਲਈ ਨਹੀਂ। ਕੇਵਲ ਸੁੰਘਣ ਲਈ ਹੈ।'

'ਵਾਹ !' ਉਹਨੇ ਜ਼ੋਹ ਦਾ ਠਹਾਕਾ ਲਗਾਇਆ ਤੇ ਜੇਬ ਚੋਂ ਸੌ ਦਾ ਨੋਟ ਕਢ ਕੇ ਉਹਦੇ ਅਗੇ ਸੁਟ ਦਿਤਾ। ਖਾਲਾ ਦੀਆਂ ਅਖਾਂ ਵਿਚ ਚਮਕ ਆ ਗਈ। ਕੁਝ ਸੋਚ ਕੇ ਉਹਨੇ ਨੋਟ ਚੁਕ ਲਿਆ ਤੇ ਮੁਸਕ੍ਰਾਂਦੀ ਹੋਈ ਬੋਲੀ 'ਪਰ ਇਹ ਤਾਂ ਥੋੜੇ ਹਨ। ਹਾਲਾਂ ਇਹਦੀ ਨਥ ਵੀ ਨਵੀਂ ਉਤਰੀ।'

'ਬਾਈ ਜੀ ! ਇਹ ਮਾਲ ਤਾਂ ਹਰ ਕੀਮਤ ਤੇ ਸਸਤਾ ਹੈ।' ਉਹਨੇ ਇਹ ਨੋਟ ਹੋਰ ਉਛਾਲ ਦਿਤਾ।

'ਤਾਂ ਮੈਂ ਜਾਂਦੀ ਹਾਂ।' ਖਾਲਾ ਉਠਦੀ ਹੋਈ ਬੋਲੀ।

'ਨਹੀਂ ਇਸ ਦੀ ਕੋਈ ਜ਼ਰੂਰਤ ਨਹੀਂ'। ਇਹ ਸਾਡੀ ਪੁਰਾਣੀ ਹਵੇਲੀ ਵਿਚ ਜਾਏਗੀ।

ਪੰਜ ਮਿੰਟ ਵਿਚ ਹੀ ਕਾਰ ਧੂਆਂ ਛਡਦੀ ਦੂਰ ਨਿਕਲ ਗਈ ਤੇ ਰਾਤ ਦੇ ਹਨ੍ਹੇਰੇ ਵਿਚ ਗਾਇਬ ਹੋ ਗਈ।

ਜਦ ਕਾਰ ਪੁਰਾਣੀ ਹਵੇਲੀ ਦੇ ਫਾਟਕ ਕੋਲ ਰੁਕੀ ਤਾ ਰਾਤ ਦੇ ਦੋ ਵਜ ਚੁਕ ਸਨ। ਚਾਰੇ ਪਾਸੇ ਸ਼ਮਸ਼ਾਨ ਘਾਟ ਵਰਗਾ ਸਨਾਂਟਾ ਸੀ। ਸ਼ੇਰਵਾਨੀ ਵਾਲੇ ਨੇ ਪੁਰਾਣਾ ਜ਼ੰਗ ਲਗਾ ਤਾਲਾ ਖੋਲ੍ਹਿਆ ਤੇ ਭਾਰੀ ਬੂਹੇ ਨੂੰ ਜ਼ੋਰ ਦਾ ਧੱਕਾ ਮਾਰਿਆ ਜੋ ਚਰਚਰਾ ਕੇ ਅੰਦਰ ਵਲ ਖੁਲ੍ਹ ਗਿਆ। ਰਾਤ ਦੇ ਹਨ੍ਹੇਰੇ ਵਿਚ ਕੇਵਲ ਤਿੰਨ ਪਰਛਾਵੇਂ ਦਿਸ ਰਹੇ ਸਨ। ਕੁਝ ਸੋਚ ਕੇ ਖਾਲਾ ਬਾਹਰ ਆ ਗਈ ਤੇ ਕਾਰ ਵਿਚ ਬੈਠ ਗਈ। ਡਰਾਈਵਰ ਨੇ ਕਾਰ ਸਟਾਰਟ ਕੀਤੀ ਤੇ ਉਹ ਹਨ੍ਹੇਰੇ ਦਾ ਸੀਨਾ ਚੀਰਦੀ ਹੋਈ ਸੜਕ ਤੇ ਦੌੜਨ ਲਗ ਪਈ।

ਇਧਰ ਹਵੇਲੀ ਵਿਚ ਸ਼ੇਰਵਾਨੀ ਵਾਲਾ ਤੇ ਲੜਕੀ ਕਈ ਦਰਵਾਜ਼ੇ

ਪਾਰ ਕਰਦੇ ਹੋਏ ਇਕ ਹਾਲ ਕਮਰੇ ਵਿਚ ਪੁਜ ਗਏ। ਕਮਰਾ ਕੀ ਸੀ ਬਸ ਇਕ ਛੋਟਾ ਜਿਹਾ ਡਰਾਇੰਗ ਰੂਮ ਸੀ ਜੋ ਪੁਰਾਣੇ ਢੰਗ ਨਾਲ ਸਜਾਇਆ ਹੋਇਆ ਸੀ।

'ਤਸ਼ਰੀਫ ਰਖੋ!' ਉਹਨੇ ਪਲੰਘ ਵਲ ਇਸ਼ਾਰਾ ਕੀਤਾ।

ਲੜਕੀ ਕੰਬਦੀ ਹੋਈ ਪਲੰਘ ਤੇ ਬੈਠ ਗਈ। ਉਹਦਾ ਸਾਰਾ ਬਦਨ ਇਸ ਤਰ੍ਹਾਂ ਕੰਬ ਰਿਹਾ ਸੀ ਜਿੰਸ ਤਰ੍ਹਾਂ ਕਿਸੇ ਖਾਮੋਸ਼ ਝੀਲ ਵਿਚ ਪਥਰ ਦੇ ਮਾਰਿਆ ਹੋਵੇ।

ਉਹਨੇ ਸ਼ੇਰਵਾਨੀ ਉਤਾਰ ਕੇ ਇਕ ਪਾਸੇ ਸੁਟ ਦਿਤੀ। ਅਲਮਾਰੀ ਚੋਂ ਇਕ ਬੋਤਲ ਤੇ ਦੋ ਗਲਾਸ ਕਢ ਲਿਆਇਆ ਤੇ ਝੂਮਦਾ ਹੋਇਆ ਬੋਲਿਆ, 'ਲੈ ਮੇਰੀ ਜਾਨ! ਅਜ ਸਾਕੀ ਬਣ ਕੇ ਮੈਨੂੰ ਇਤਨੀ ਪਿਆ ਕਿ ਸਭ ਕੁਝ ਭੁਲ ਕੇ ਤੇਰੀ ਆਗੋਸ਼ ਵਿਚ ਗੁੰਮ ਹੋ ਜਾਵਾਂ।'

'ਮੈਂ...ਮੈ...ਸ਼ਰਾਬ...ਨਹੀਂ...ਪੀਂਦੀ.....ਮੈਂ...ਕਦੀ....ਨਹੀਂ...ਪੀਤੀ।' ਉਹ ਪਿਛੇ ਹਟਦੀ ਹੋਈ ਬੋਲੀ।

ਹਾ! ਹਾ!! ਹਾ!!! ਇਕ ਨਾਚੀ ਤੇ ਬਜ਼ਾਰੀ ਔਰਤ ਕਹਿ ਰਹੀ ਹੈ ਕਿ ਮੈਂ ਸ਼ਰਾਬ ਨਹੀਂ ਪੀਂਦੀ। ਇਹ ਕਦੀ ਨਹੀਂ ਹੋ ਸਕਦਾ। ਤੈਨੂੰ ਪੀਣੀ ਪਵੇਗੀ।' ਕਹਿੰਦਿਆਂ ਉਹਨੇ ਬੋਤਲ ਦਾ ਢਕਣ ਖੋਲ੍ਹ ਦਿਤਾ। ਕਮਰੇ ਵਿਚ ਕੌੜੀ ਕੌੜੀ ਬਦਬੂ ਫੈਲ ਗਈ। ਉਹਨੇ ਬੋਤਲ ਮੂੰਹ ਨਾਲ ਲਾ ਲਈ। ਕੁਝ ਪੀਤੀ ਕੁਝ ਰੋੜ੍ਹੀ। ਫ਼ਿਰ ਆਪਣੇ ਮੂੰਹ ਨੂੰ ਕਮੀਜ਼ ਦੀਬਾਂਹ ਨਾਲ ਪੂੰਝਦਿਆਂ ਬੋਲਿਆ 'ਤੂੰ ਵੀ ਪੀ ਲੈ ਮੇਰੀ ਕਸਮ ਮਜ਼ਾ ਆ ਜਾਏਗਾ।

'ਮੈਨੂੰ ਖਿਮਾਂ ਕਰ ਦਿਓ।' ਉਹ ਹਾਂਫਦੀ ਹੋਈ ਬੋਲੀ।

'ਨ...ਹੀਂ...!' ਉਹ ਝੂਮ ਕੇ ਬੋਲਿਆ 'ਤੈਨੂੰ ਪੀਣੀ ਹੀ ਪਵੇਗੀ।'

'ਨਹੀਂ.........।'

'ਖਾਮੋਸ਼!' ਉਹ ਗਰਜ ਕੇ ਬੋਲਿਆ ਤੇ ਲੜਕੀ ਸਹਿਮ ਗਈ। ਗੁਸੇ ਨਾਲ ਉਹਦੀਆਂ ਅਖਾਂ ਚੋਂ ਚੰਗਿਆੜੇ ਨਿਕਲ ਰਹੇ ਸਨ। ਉਹਨੇ

ਬੋਤਲ ਦੀਵਾਰ ਨਾਲ ਦੇ ਮਾਰੀ ਤੇ ਲੜਖੜਾਂਦਾ ਹੋਇਆ ਅਗੇ ਵਧਿਆ। ਉਹਦੀਆਂ ਅਖਾਂ ਵਿਚ ਸ਼ੈਤਾਨੀਅਤ ਨਚ ਰਹੀ ਸੀ। ਨਸ਼ੇ ਵਿਚ ਹਸਦਿਆਂ ਉਹਦੀ ਸ਼ਕਲ ਬੜੀ ਭਿਆਨਕ ਜਾਪਦੀ । ਉਹਦੀਆਂ ਅਖਾਂ ਚੋਂ ਕਾਮ ਵਾਸ਼ਨਾਂ ਟਪਕ ਰਹੀ ਸੀ।

'ਨਹੀਂ ! ਨਹੀਂ !!' ਉਹ ਕੰਬਦੀ ਹੋਈ ਬੋਲੀ– 'ਮੈਂ ਤੁਹਾਡੀਆਂ ਭੈਣਾਂ ਵਰਗੀ ਹਾਂ। ਰਬ ਦੇ ਨਾਂ ਤੇ ਤਰਸ ਖਾਉ। ਮੇਰਾ ਦਾਮਨ ਨਾਪਾਕ ਨਾ ਕਰੋ। ਮੈਂ ਆਪਣੀ ਮਰਜ਼ੀ ਨਾਲ ਇਹ ਪੇਸ਼ਾ ਅਖਤਿਆਰ ਨਹੀਂ ਕੀਤਾ। ਇਹ ਲੋਕੀ ਜ਼ਬਰਦਸਤੀ ਮੇਰੇ ਕੋਲੋਂ ਸਭ ਕੁਝ ਕਰਾਂਦੇ ਹਨ। ਜੇ ਨਚਣ ਤੋਂ ਇਨਕਾਰ ਕਰਦੀ ਹਾਂ ਤਾਂ ਹੰਟਰ ਮਾਰਦੇ ਹਨ।' ਉਹ ਹਾਂਫਦੀ ਹੋਈ ਬੋਲੀ।

'ਲੈ ਤੈਨੂੰ ਪੈਸੇ ਚਾਹੀਦੇ ਹਨ ਤਾਂ ਲੈ।' ਉਹ ਨਸ਼ੇ ਵਿਚ ਨੋਟਾਂ ਦੀ ਗਡੀ ਉਹਦੇ ਵਲ ਸੁਟਦਿਆਂ ਬੋਲਿਆ।

'ਨਹੀਂ', ਮੈਨੂੰ ਇਹੋ ਜੇਹੇ ਪੈਸੇ ਨਹੀਂ ਚਾਹੀਦੇ। ਤੁਸੀ ਮੇਰੇ ਭਰਾਵਾਂ ਵਰਗੇ ਹੋ। ਮੈਨੂੰ ਇਸ ਨਰਕ-ਕੁੰਡ ਚੋਂ ਕਢੋ। ਇਥੇ ਮੈਂ ਘੁਟ ਘੁਟ ਕੇ ਮਰ ਜਾਵਾਂਗੀ।'

'ਹਾ-ਹਾ-ਹਾ–' ਉਹ ਬੜੀ ਭਿਆਨਕਤਾ ਨਾਲ ਹਸਿਆ ਤੇ ਉਸ ਤੇ ਭੁਖੇ ਸ਼ੇਰ ਵਾਂਗ ਝਪਟਿਆ।

'ਰਬ ਦੇ ਨਾਂ ਤੇ ਮੈਨੂੰ ਜ਼ਲੀਲ ਨਾ ਕਰੋ।' ਉਹ ਦਰਵਾਜ਼ੇ ਵਲ ਦੌੜਦੀ ਹੋਈ ਬੋਲੀ। ਪਰ ਦਰਵਾਜ਼ਾ ਬੰਦ ਸੀ।

'ਤੈਨੂੰ ਇਥੋਂ ਕੋਈ ਨਹੀਂ ਬਚਾ ਸਕਦਾ। ਤੇਰਾ ਛਟਪਟਾਣਾ, ਗਿੜਗੜਾਣਾ ਤੇ ਰਹਿਮ ਲਈ ਕਹਿਣਾ ਬੇਕਾਰ ਹੈ।' ਉਹ ਉਹਦੇ ਪਿਛੇ ਦੌੜਦਾ ਹੋਇਆ ਬੋਲਿਆ।

ਕਮਰੇ ਦੀ ਅਜੀਬ ਹਾਲਤ ਸੀ। ਨਸ ਭਜ ਵਿਚ ਸ਼ੀਸ਼ੇ ਦਾ ਉਹ ਗੁਲਦਾਨ ਵੀ ਟੁਟ ਗਿਆ ਜਿਸ ਤੇ ਮੋਮਬਤੀ ਜਗ ਰਹੀ ਸੀ। ਪਰ

ਕਮਰੇ ਵਿਚ ਹਾਲਾਂ ਵੀ ਇਤਨੀ ਰੋਸ਼ਨੀ ਸੀ ਕਿ ਆਦਮੀ ਨਜ਼ਰ ਆ ਜਾਏ। ਦੋਵੇਂ ਪਾਗਲਾਂ ਵਾਂਗ ਅਗੇ ਪਿਛੇ ਨਸ ਰਹੇ ਸਨ। ਨਵਾਬ ਉਹਨੂੰ ਕਿਸੇ ਸੂਰਤ ਵਿਚ ਛਡਣ ਲਈ ਤਿਆਰ ਨਹੀਂ ਸੀ। ਕਾਮ ਦੀ ਅੱਗ ਨੇ ਉਹਨੂੰ ਅੰਨਿਆਂ ਕਰ ਦਿਤਾ ਸੀ। ਲੜਕੀ ਦੀ ਦਸ਼ਾ ਬੜੀ ਰਹਿਮ ਯੋਗ ਸੀ। ਉਹ ਪੂਰੀ ਸ਼ਕਤੀ ਨਾਲ ਕਮਰੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਦੌੜ ਰਹੀ ਸੀ। ਇਸ ਵਾਰੀ ਤਾਂ ਉਹਦੇ ਹਥ ਪੈਰ ਸੁਨ ਹੋ ਗਏ। ਨਵਾਬ ਨੇ ਜਿਉਂ ਹੀ ਫੜਨਾ ਚਾਹਿਆ, ਉਹ ਤੜਫ ਕੇ ਅਲਗ ਹੋ ਗਈ। ਉਹਦੀ ਸਾੜ੍ਹੀ ਦਾ ਆਂਚਲ ਨਵਾਬ ਦੇ ਹਥ ਵਿਚ ਵਿਚ ਆ ਗਿਆ। ਉਹ ਪੂਰੀ ਸ਼ਕਤੀ ਨਾਲ ਦੌੜੀ। ਨਵਾਬ ਵੀ ਪਿਛੇ ਦੌੜਿਆ। ਲੜਕੀ ਦੀ ਕਿਸਮਤ ਚੰਗੀ ਸੀ। ਨਵਾਬ ਨੇ ਠੋਕਰ ਖਾਧੀ ਤੇ ਜ਼ਮੀਨ ਤੇ ਡਿਗ ਪਿਆ। ਜ਼ਮੀਨ ਤੇ ਗੁਲਦਾਨ ਟੁਟਾ ਪਿਆ ਸੀ। ਸ਼ੀਸ਼ੇ ਦੇ ਟੁਕੜੇ ਉਹਦੇ ਮੂੰਹ ਵਿਚ ਵੜ ਗਏ। ਕਈ ਜਗ੍ਹਾ ਤੋਂ ਲਹੂ ਵਗਣ ਲਗ ਪਿਆ। ਪਰ ਨਸ਼ੇ ਤੇ ਕਾਮ ਅੱਗਨੀ ਨੇ ਉਹਨੂੰ ਬਿਲਕੁਲ ਅੰਨ੍ਹਿਆਂ ਕਰ ਦਿਤਾ ਸੀ। ਉਹਨੇ ਹਥ ਨਾਲ ਮੂੰਹ ਦਾ ਲਹੂ ਪੂੰਝਿਆ। ਇਸ ਤਰ੍ਹਾਂ ਕਰਨ ਨਾਲ ਮੂੰਹ ਤੇ ਚਾਰੇ ਪਾਸੇ ਲਹੂ ਫੈਲ ਗਿਆ। ਸਾਰਾ ਮੂੰਹ ਲਾਲ ਹੋ ਜਾਣ ਕਰਕੇ ਉਹ ਅਗੇ ਨਾਲੋਂ ਵਧ ਭਿਆਨਕ ਦਿਸਣ ਲਗ ਪਿਆ।

ਉਹ ਉਠਣ ਦੀ ਕੋਸ਼ਿਸ਼ ਕਰ ਰਿਹਾ ਸੀ। ਲੜਕੀ ਨੇ ਇਸ ਮੌਕੇ ਤੋਂ ਲਾਭ ਉਠਾਇਆ। ਉਹਨੇ ਕੰਬਦੇ ਹਥਾਂ ਨਾਲ ਦਰਵਾਜ਼ਾ ਖੋਲ੍ਹਿਆ ਤੇ ਬਿਨਾਂ ਪਿਛੇ ਵਲ ਵੇਖੇ ਬਾਹਰ ਦੌੜ ਗਈ। ਉਹ ਪਾਗਲਾਂ ਵਾਂਗ ਦੌੜਦੀ ਜਾ ਰਹੀ ਸੀ। ਥੋੜੀ ਦੂਰ ਤਕ ਦੌੜਨ ਤੋਂ ਬਾਦ ਹੀ ਉਹ ਚੌਂਕ ਪਈ ਕਿਉਂਕਿ ਉਹਦੇ ਪਿਛੇ ਵੀ ਦੌੜਦੇ ਹੋਏ ਕੱਦਮਾਂ ਦੀ ਆਵਾਜ਼ ਆ ਰਹੀ ਸੀ। ਉਹਨੇ ਜਿਉਂ ਹੀ ਪਿਛੇ ਵੇਖਿਆ, ਸਾਰੀ ਹਿੰਮਤ ਜਵਾਬ ਦੇ ਗਈ। ਨਵਾਬ ਕਿਸੇ ਜ਼ੱਖਮੀ ਸ਼ੇਰ ਵਾਂਗ ਝਪਟਦਾ ਆ ਰਿਹਾ ਸੀ। ਕਈ ਜਗ੍ਹਾ ਤੋਂ ਲਹੂ ਵਗਣ ਕਰਕੇ ਉਹ ਪਛਾਣਿਆ ਵੀ ਨਹੀਂ ਸੀ ਜਾ ਰਿਹਾ। ਸਫੇਦ ਕੱਪੜਿਆਂ ਤੇ ਵੀ ਲਹੂ ਦੇ ਧਬੇ ਚਮਕ ਰਹੇ ਸਨ।

ਨਵਾਬ ਪਲੋ ਪਲੀ ਨੇੜੇ ਆ ਰਿਹਾ ਸੀ । ਲੜਕੀ ਰੁਕ ਗਈ । ਉਹਨੇ ਚਾਰੇ ਪਾਸੇ ਇਕ ਨਜ਼ਰ ਮਾਰੀ । ਇਹ ਇਕ ਛੋਟਾ ਜਿਹਾ ਗੋਲ ਕਮਰਾ ਸੀ ਜਿਸਨੂੰ ਬੜੇ ਢੰਗ ਨਾਲ ਸਜਾਇਆ ਗਿਆ ਸੀ । ਵਿਚਕਾਰ ਇਕ ਗੋਲ ਮੇਜ਼ ਸੀ ਜਿਸ ਤੇ ਕਿਸੇ ਅਧ-ਨੰਗੀ ਔਰਤ ਦੀ ਮੂਰਤੀ ਪਈ ਸੀ । ਉਹਨੇ ਦੌੜ ਕੇ ਮੇਜ਼ ਤੋਂ ਮੂਰਤੀ ਚੁਕ ਲਈ । ਨਵਾਬ ਉਸ ਤੋਂ ਪੰਜ ਗਜ਼ ਦੀ ਵਿਥ ਤੇ ਦੌੜਦਾ ਆ ਰਿਹਾ ਸੀ । ਉਹਨੇ ਪੂਰੇ ਜ਼ੋਰ ਨਾਲ ਮੂਰਤੀ ਉਹਦੇ ਮਥੇ ਤੇ ਦੇ ਮਾਰੀ । ਇਹ ਉਹਦੀ ਕਿਸਮਤ ਹੀ ਸੀ ਕਿ ਨਿਸ਼ਾਨਾ ਠੀਕ ਲਗਾ । ਜੇ ਉਹਦਾ ਇਹ ਵਾਰ ਵੀ ਖਾਲੀ ਜਾਂਦਾ ਤਾਂ ਸ਼ੈਤਾਨ ਦੇ ਪੰਜੇ ਚੋਂ ਸ਼ਾਇਦ ਹੀ ਬਚ ਸਕਦੀ । ਲੜਕੀ ਨੇ ਨਵਾਬ ਵਲ ਵੇਖਿਆ । ਉਹ ਕਿਸੇ ਜ਼ਖਮੀ ਕੁਤੇ ਵਾਂਗ ਚੀਕਾਂ ਮਾਰ ਰਿਹਾ ਸੀ ਜੋ ਪਲੋ ਪਲੀ ਡੁਬਦੀਆਂ ਜਾ ਰਹੀਆ ਸਨ, ਤੇ ਬਾਹਰ ਵਲ ਦੌੜ ਗਈ ।

ਖਤਰਾ ਟੱਲ ਚੁਕਾ ਸੀ ਪਰ ਉਹ ਇਸ ਤਰ੍ਹਾਂ ਅਨੁਭਵ ਕਰ ਰਹੀ ਸੀ ਜਿਸ ਤਰ੍ਹਾਂ ਹਾਲਾਂ ਵੀ ਹਜ਼ਾਰਾਂ ਕਾਮ ਦੇ ਕੁਤੇ ਉਹਦਾ ਪਿਛਾ ਕਰ ਰਹੇ ਹੋਣ । ਦਿਲ ਇਸ ਤਰ੍ਹਾਂ ਧਕ ਧਕ ਕਰ ਰਿਹਾ ਸੀ ਜਿਸ ਤਰ੍ਹਾਂ ਕਿਸੇ ਉਹਦੇ ਸੀਨੇ ਵਿਚ ਪੂਰੀ ਸ਼ਕਤੀ ਨਾਲ ਮੁਕਾ ਮਾਰ ਦਿਤਾ ਹੋਵੇ ।

ਸੜਕ ਦੇ ਦੋਵੇਂ ਪਾਸੇ ਚਾਰ ਫੁਟ ਤੋਂ ਵੀ ਵਧ ਉਚੀਆਂ ਸਰਕੰਡੇ ਦੀਆਂ ਝਾੜੀਆਂ ਸਨ । ਬਾਰਸ਼ ਦਾ ਵੇਗ ਰੁਕ ਚੁਕਾ ਸੀ ਪਰ ਬੂੰਦਾ ਬਾਂਦੀ ਹਾਲਾਂ ਵੀ ਹੋ ਰਹੀ ਸੀ । ਜਦ ਕਦੀ ਬਿਜਲੀ ਕੜਕਦੀ, ਇਕ ਪਲ ਲਈ ਇਸ ਤਰ੍ਹਾਂ ਰੋਸ਼ਨੀ ਹੋ ਜਾਂਦੀ ਜਿਸ ਤਰ੍ਹਾਂ ਬਦਲਾਂ ਚੋਂ ਸੂਰਜ ਨਿਕਲ ਆਇਆ ਹੋਵੇ, ਤੇ ਫਿਰ ਪਹਿਲਾਂ ਵਰਗਾ ਘੁਪ ਹਨ੍ਹੇਰਾ ਛਾ ਜਾਂਦਾ । ਸੜਕ ਪਕੀ ਸੀ ਪਰ ਮੀਂਹ ਪੈਣ ਕਰਕੇ ਤਿਲ੍ਹਕਣੀ ਹੋ ਚੁਕੀ ਸੀ ਇਸ ਲਈ ਦੌੜਨਾ ਖਤਰੇ ਤੋਂ ਖਾਲੀ ਨਹੀਂ ਸੀ । ਉਹ ਕਾਹਲੇ ੨ ਕਦਮ ਪੁਟਦੀ ਸਾਮ੍ਹਣੇ ਵਲ ਤੁਰੀ ਜਾ ਰਹੀ ਸੀ । ਦਮਾਗ਼ ਵਿਚ ਬਵੰਡਰਾਂ ਦਾ ਤੂਫਾਨ ਸੀ ਜੋ ਅਖਾਂ ਰਾਹੀਂ ਹੰਝੂ ਬਣ ਕੇ ਨਿਕਲ ਰਿਹਾ ਸੀ । ਦਿਲ ਦੀਆਂ ਧੜਕਨਾਂ

ਇਤਨੀਆਂ ਤੇਜ਼ ਸਨ ਕਿ ਦਮਾਗ਼ ਵਿਚ ਧਮਕ ਪੈਦਾ ਕਰ ਰਹੀਆਂ ਸਨ। ਉਹ ਵਿਚਾਰਾਂ ਵਿਚ ਮਗਨ ਸੜਕ ਦੀ ਹਿੱਕ ਤੇ ਤੁਰਦੀ ਜਾ ਰਹੀ ਸੀ। ਉਹਦਾ ਦਿਲ ਕਹਿੰਦਾ ਕਿ ਮੌਕਾ ਚੰਗਾ ਹੈ। ਨਰਕ ਦੀ ਦੁਨੀਆਂ ਚੋਂ ਦੌੜ ਜਾ। ਖਾਲਾ ਸਵੇਰੇ ਪੰਜ ਵਜੇ ਆਉਣ ਲਈ ਕਹਿ ਗਈ ਸੀ। ਹਾਲਾਂ ਤਾਂ ਤਿੰਨ ਹੀ ਵਜੇ ਹੋਣਗ। ਨਵਾਬ ਦੇ ਪਿਛਾ ਕਰਨ ਦੀ ਸੰਭਾਵਨਾ ਵੀ ਨਹੀਂ ਸੀ ਕਿਉਂਕਿ ਸਵੇਰ ਤੋਂ ਪਹਿਲਾਂ ਹੋਸ਼ ਵਿਚ ਨਹੀਂ ਸੀ ਆ ਸਕਦਾ। ਉਹਦੀ ਆਤਮਾ ਕਹਿ ਰਹੀ ਸੀ ਇਸ ਨਰਕ ਕੁੰਡ ਚੋਂ ਦੌੜ ਜਾ। ਫਿਰ ਦਿਲ ਉਲਟੇ ਪਾਸੇ ਸੋਚਣ ਲਗ ਪੈਂਦਾ– ਜਾਏਂਗੀ ਕਿਥੇ ? ਉਹਨੂੰ ਅਪਨਾਣ ਵਾਲਾ ਕੌਣ ਹੈ ? ਕੌਣ ਹੈ ਜੋ ਉਸਨੂੰ ਗਲੇ ਲਗਾਏਗਾ ? ਜਿਸ ਕਿਸੇ ਨੂੰ ਪਤਾ ਚਲ ਗਿਆ ਤੂੰ ਵੇਸਵਾ ਖਾਨੇ ਵਿਚ ਪਲੀ ਏਂ ਉਹ ਧਕੇ ਮਾਰਕੇ ਬਾਹਰ ਕਢ ਦੇਵੇਗਾ। ਉਹ ਇਹਨਾਂ ਵੀਚਾਰਾਂ ਵਿਚ ਹੀ ਤੁਰਦੀ ਜਾ ਰਹੀ ਸੀ। ਫਿਰ ਉਹਦੇ ਸਾਮ੍ਹਣੇ ਇਕ ਐਸਾ ਸਵਾਲ ਆਇਆ ਕਿ ਸਾਰਾ ਜਿਸਮ ਮੁੜ੍ਹਕਾ ੨ ਹੋ ਗਿਆ। ਪਹਿਲਾਂ ਤਾਂ ਖਾਲਾ ਕੇਵਲ ਨਚਣ ਤੇ ਮਜਬੂਰ ਕਰਦੀ ਸੀ ਪਰ ਕੀ ਅਗੋਂ ਤੋਂ ਜਿਸਮ ਵੀ ਨੋਚਵਾਣਾ ਪਵੇਗਾ ?

ਉਹ ਇਤਨਾ ਰੋ ਚੁਕੀ ਸੀ ਕਿ ਹੰਝੂ ਮੁਕ ਗਏ ਸਨ। ਸਾਮ੍ਹਣਿਉਂ ਠੰਡੀ ਹਵਾ ਦੇ ਥਪੇੜੇ ਅਗੇ ਵਧਣ ਤੋਂ ਰੋਕ ਰਹੇ ਸਨ। ਪਰ ਉਹਨੇ ਹਿੰਮਤ ਨਾ ਛਡੀ ਤੇ ਅਗੇ ਵਧਦੀ ਗਈ।

ਉਹਦੇ ਅਗੇ ਅਜ ਤੋਂ ਚਾਰ ਪੰਜ ਸਾਲ ਪਹਿਲਾਂ ਦੀ ਘਟਨਾ ਆ ਗਈ। ਕੁਝ ਅਜਨਬੀ ਉਹਨੂੰ ਖਾਲਾ ਦੇ ਸਪੁਰਦ ਕਰ ਗਏ ਸਨ। ਖਾਲਾ ਨੇ ਉਹਨਾਂ ਨੂੰ ਪੰਜ ਸੋ ਰੁਪਿਆ ਤੇ ਇਕ ਕਾਗਜ਼ ਲਿਖ ਕੇ ਦਿਤਾ ਸੀ। ਉਹ...... ਸਭ ਸਮਝ ਵਿਚ ਆ ਗਿਆ। ਉਹਨੂੰ ਵੇਚਿਆ ਗਿਆ ਸੀ।

ਕਾਗਜ਼ ਦੇ ਉਨ੍ਹਾਂ ਪੰਜ ਟੁਕੜਿਆਂ ਪਿਛੇ ਉਹਨੇ ਕਿਤਨੇ ਹੀ ਹੰਟਰ ਖਾਧੇ। ਕਿਤਨੀਆਂ ਕਾਮੀ ਅਖਾਂ ਦਾ ਸ਼ਿਕਾਰ ਹੋਈ ? ਨਹੀਂ ! ਨਹੀਂ !!

ਹੁਣ ਉਹ ਅਜੇਹਾ ਨਹੀਂ ਕਰੇਗੀ। ਉਹਨੇ ਕੋਈ ਗੁਨਾਹ ਨਹੀਂ ਕੀਤਾ। ਉਹਦਾ ਦਾਮਨ ਪਾਕ ਹੈ। ਫਿਰ ਜਿਉਂ ਹੀ ਉਹਨੂੰ ਅਬਦੁਲ ਦਾ ਹੰਟਰ ਯਾਦ ਆਇਆ ਪਾਰੇ ਵਾਂਗ ਕੰਬਣ ਲਗ ਪਈ। ਫਿਰ ਉਹਦੀਆਂ ਅਖਾਂ ਅਗੇ ਇਕ ਐਸੀ ਘਟਨਾ ਆਈ ਕਿ ਸੁਕੇ ਪਤੇ ਵਾਂਗ ਕੰਬ ਗਈ। ਉਹਦੀਆਂ ਅਖਾਂ ਦੇ ਸਾਮ੍ਹਣੇ ਹਜ਼ਾਰਾਂ ਇਨਸਾਨੀ ਪਰਛਾਵੇਂ ਨਚਣ ਲਗ ਪਏ। ਉਨ੍ਹਾਂ ਦੀਆਂ ਅਖਾਂ ਵਿਚ ਕਾਮ ਦੀ ਚਮਕ ਸੀ। ਸਭ ਹੌਲੀ ਹੌਲੀ ਉਹਦੇ ਵਲ ਵਧ ਰਹੇ ਸਨ। ਉਹ ਦੌੜਦੀ ਜਾ ਰਹੀ ਸੀ ਤੇ ਸ਼ੈਤਾਨ ਉਹਦਾ ਪਿਛਾ ਕਰ ਰਹੇ ਸਨ। ਇਕ ਨੇ ਅਗੇ ਵਧ ਕੇ ਉਹਦੀ ਬਾਂਹ ਫੜ ਲਈ ਤੇ ਉਹ ਚੀਕ ਮਾਰ ਕੇ ਸਾਮ੍ਹਣੇ ਦਰਖਤ ਨਾਲ ਟਕਰਾ ਗਈ। ਭਾਵਨਾ ਵਿਚ ਡੁਬ ਕੇ ਉਹ ਦਰਖਤ ਨਾਲ ਟਕਰਾ ਗਈ ਸੀ। ਮਥੇ ਤੋਂ ਲਹੂ ਨਿਕਲਣ ਲਗ ਪਿਆ। ਉਹ ਦਰਖਤ ਦੇ ਤਨੇ ਦਾ ਸਹਾਰਾ ਲਈ ਆਪਣੇ ਉਖੜੇ ਹੋਏ ਸਾਹ ਨੂੰ ਕਾਬੂ ਕਰਨ ਦਾ ਜਤਨ ਕਰ ਰਹੀ ਸੀ।

ਥੋੜੀ ਦੇਰ ਬਾਅਦ ਉਹਨੇ ਅਖਾਂ ਖੋਲ੍ਹ ਦਿਤੀਆਂ। ਚਾਰੇ ਪਾਸ ਘੁਪ ਹਨ੍ਹੇਰਾ ਸੀ। ਸਾਮ੍ਹਣੇ ਸੜਕ ਬਿਲਕੁਲ ਸੁਨਸਾਨ ਪਈ ਸੀ। ਬਾਰਸ਼ ਅਗੇ ਨਾਲੋਂ ਤੇਜ਼ ਹੋ ਗਈ ਪਰ ਉਹਨੂੰ ਕੋਈ ਪਰਵਾਹ ਨਹੀਂ ਸੀ। ਪਾਣੀ ਪੈਣ ਕਰਕੇ ਉਹਦਾ ਪਤਲਾ ਬਲੌਜ਼ ਜਿਸਮ ਦੇ ਨਾਲ ਹੀ ਚੰਬੜ ਗਿਆ ਤੇ ਗੋਰਾ ਬਦਨ ਕਪੜਿਆਂ ਨਾਲ ਬਗਾਵਤ ਕਰ ਰਿਹਾ ਸੀ। ਉਹ ਕੁਝ ਦੇਰ ਉਸੇ ਤਰ੍ਹਾਂ ਰੁਕੀ ਰਹੀ ਤੇ ਫਿਰ ਹਲਕੇ ੨ ਕਦਮ ਪੁਟਦੀ ਸੜਕ ਤੇ ਆ ਗਈ। ਕੁਝ ਚਿਰ ਖੜੇ ਰਹਿਣ ਕਰਕੇ ਉਹਦਾ ਦਮਾਗ ਅਧਿਕਾਰ ਵਿਚ ਆ ਚੁਕਾ ਸੀ।

ਪਰ ਦਸ ਕਦਮ ਹੀ ਤੁਰੀ ਹੋਵੇਗੀ ਕਿ ਯਕਦਮ ਉਹਦੀ ਚੀਕ ਨਿਕਲ ਗਈ। ਜੋ ਕੁਝ ਵੇਖ ਰਹੀ ਸੀ ਉਹਨੂੰ ਯਕੀਨ ਨਹੀਂ ਸੀ ਆ ਰਿਹਾ। ਪੂਰਬ ਵਲੋਂ ਨਵਾਬ ਦੀ ਮੋਟਰ ਆ ਰਹੀ ਸੀ ਜਿਸ ਤੇ ਕੁਝ ਚਿਰ ਪਹਿਲਾਂ ਖਾਲਾ ਵਾਂਪਸ ਗਈ ਸੀ। ਉਹਦੇ ਕੰਨਾਂ ਵਿਚ ਸੀਟੀਆਂ ਵਜਣ

ਲਗ ਪਈਆਂ। ਕੁਝ ਵੀ ਹੋਵੇ ਉਹ ਖਾਲਾ ਦੇ ਨਾਲ ਨਹੀਂ ਜਾਏਗੀ। ਉਹਨੇ ਦਿਲ ਵਿਚ ਪਕਾ ਨਿਸ਼ਚਾ ਕਰ ਲਿਆ ਤੇ ਸਾਮ੍ਹਣੇ ਵਲ ਦੌੜਨ ਲਗ ਪਈ। ਕਾਰ ਦੀ ਹੈਡ ਲਾਈਟ ਨਾਲ ਸੜਕ ਤੇ ਰੋਸ਼ਨੀ ਫੈਲ ਗਈ। ਖਾਲਾ ਨੇ ਉਹਨੂੰ ਵੇਖ ਲਿਆ। ਉਹਨੇ ਕਾਹਲੀ ਨਾਲ ਕਾਰ ਰੁਕਵਾਈ ਤੇ ਉਹਦੇ ਮਗਰ ਦੌੜ ਪਈ।

ਹਨ੍ਹੇਰੀ ਸੜਕ ਉਤੇ ਖਾਲਾ ਤੇ ਨਵਾਬ ਦਾ ਡਰਾਈਵਰ ਉਹਦੇ ਮਗਰ ੨ ਦੌੜ ਰਹੇ ਸਨ। ਖਾਲਾ ਆਪਣੇ ਮੋਟੇ ਸਰੀਰ ਦੇ ਕਾਰਨ ਤੇਜ਼ ਨਹੀਂ ਸੀ ਦੌੜ ਸਕਦੀ। ਔਰਤ ਤੇ ਆਦਮੀ ਦੀ ਦੌੜ ਦਾ ਕੀ ਮੁਕਾਬਲਾ, ਡਰਾਈਵਰ ਉਹਨੂੰ ਦਸ ਕਦਮਾਂ ਵਿਚ ਹੀ ਜਾ ਫੜਦਾ ਪਰ ਉਹ ਖੁਦ ਲੰਗੜਾ ਸੀ ਇਸ ਲਈ ਖਾਲਾ ਤੋਂ ਤੇਜ਼ ਨਹੀਂ ਸੀ ਦੌੜ ਸਕਦਾ। ਪਰ ਕਿਸਮਤ ਦੁਸ਼ਮਣ ਬਣੀ ਬੈਠੀ ਸੀ। ਕਾਹਲੀ ਵਿਚ ਉਹ ਜ਼ਮੀਨ ਤੇ ਡਿਗ ਪਈ। ਹਥ ਤੇ ਗੋਡੇ ਛਿਲੇ ਗਏ। ਕੋਮਲ ਸਰੀਰ ਚੋਂ ਕਈਂ ਜਗ੍ਹਾ ਤੋਂ ਲਹੂ ਸਿੰਮਣ ਲਗ ਪਿਆ। ਘਬਰਾਹਟ ਤੇ ਤੇਜ਼ ਦੌੜਨ ਕਰਕੇ ਉਹ ਬਿਲਕੁਲ ਨਿਢਾਲ ਹੋ ਚੁਕੀ ਸੀ। ਜਦ ਤਕ ਉਠੇ ਖਾਲਾ ਉਹਦੇ ਸਿਰ ਤੇ ਆ ਗਈ। ਖਾਲਾ ਨੇ ਉਹਨੂੰ ਵਾਲਾਂ ਤੋਂ ਫੜ ਕੇ ਇਤਨੇ ਜ਼ੋਰ ਨਾਲ ਉਚਾ ਚੁਕਿਆ ਕਿ ਰਾਤ ਦੇ ਸਨਾਟੇ ਵਿਚ ਉਹਦੀਆਂ ਚੀਕਾਂ ਨਿਕਲ ਗਈਆਂ।

'ਹਰਾਮ ਖੋਰ - ਕਮੀਨੀ, ਚਲ ਤੈਨੂੰ ਸਿਧਿਆਂ ਕਰਦੀ ਹਾਂ। ਅਬਦੁਲ ਦੇ ਹੰਟਰ ਭੁਲ ਗਈ ਏਂ? ਮੈਂ ਤੇਰੇ ਬਦਨ ਦੀਆਂ ਬੋਟੀਆਂ ਨੋਚ ਲਵਾਂਗੀ।' ਗੁਸੇ ਵਿਚ ਖਾਲਾ ਦਾ ਕਾਲਾ ਤੇ ਭਿਆਨਕ ਚੇਹਰਾ ਹੋਰ ਡਰਾਵਣਾ ਹੋ ਗਿਆ ਉਹਦ ਪਾਨ ਦੇ ਕਥੇ ਨਾਲ ਰੰਗੇ ਹੋਏ ਲਾਲ ਦੰਦਾਂ ਚੋਂ ਸਪਾਰੀ ਦੇ ਬਾਰੀਕ ਟੁਕੜੇ ਡਿਗ ਰਹੇ ਸਨ। ਕੁਝ ਕਦਮ ਦੌੜਨ ਕਰਕੇ ਇਸ ਤਰ੍ਹਾਂ ਹਾਂਫ਼ ਰਹੀ ਸੀ ਕਿ ਮੂੰਹ ਚੋਂ ਠੀਕ ਲਫ਼ਜ਼ ਨਹੀਂ ਸਨ ਨਿਕਲ ਰਹੇ ਲੰਗੜਾ ਡਰਾਈਵਰ ਕੁਝ ਕਦਮਾਂ ਤੇ ਦੌੜਦਾ ਆ ਰਿਹਾ ਸੀ।

ਪਰ ਲੜਕੀ ਵੀ ਅਜ ਮਰਨ ਮਾਰਨ ਤੇ ਤੁਲੀ ਹੋਈ ਸੀ। ਜਿਉਂ

ਹੀ ਖਾਲਾ ਦਾ ਬੰਧਨ ਢਿਲਾ ਹੋਇਆ, ਉਹ ਬਿਜਲੀ ਦੀ ਤੇਜ਼ੀ ਨਾਲ ਅਗੇ ਦੌੜ ਗਈ। ਖਾਲਾ ਵੀ ਗਾਲ੍ਹਾਂ ਕਢਦੀ ਉਹਦੇ ਮਗਰ ੨ ਦੌੜਦੀ ਜਾ ਰਹੀ ਸੀ। ਪਰ ਹੁਣ ਲੜਕੀ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਇਥੇ ਆ ਕੇ ਸੜਕ ਖਤਮ ਹੋ ਗਈ ਸੀ ਤੇ ਦਰਿਆ ਦੇ ਘਾਟ ਸ਼ੁਰੂ ਹੋ ਗਏ ਸਨ। ਦੋਵੇਂ ਘਾਟਾਂ ਵਿਚ ਹੀ ਅਗੇ ਪਿਛੇ ਦੌੜ ਰਹੀਆਂ ਸਨ। ਖਾਲਾ ਵੀ ਪੂਰੀ ਸ਼ਕਤੀ ਨਾਲ ਉਹਦਾ ਪਿਛਾ ਕਰ ਰਹੀ ਸੀ। ਹੁਣ ਦੋਹਾਂ ਵਿਚ ਦਸ ਗਜ਼ ਤੋਂ ਵੀ ਘਟ ਵਿਥ ਰਹਿ ਗਈ ਸੀ। ਉਹਦੇ ਅਗੇ ਬਚਣ ਦਾ ਕੋਈ ਰਸਤਾ ਨਹੀਂ ਸੀ। ਪਿਛੇ ਖਾਲਾ ਤੇ ਅਗੇ ਠਾਠਾਂ ਮਾਰਦਾ ਹੋਇਆ ਦਰਿਆ। ਉਹ ਕੰਬ ਗਈ। ਉਹਨੂੰ ਆਪਣੇ ਜੀਵਨ ਰੂਪੀ ਦੀਵੇ ਦੀ ਲੋ ਮਿਟਦੀ ਦਿਸ ਰਹੀ ਸੀ। ਇਕ ਮਿੰਟ ਵਿਚ ਹੀ ਉਹਨੇ ਦ੍ਰਿੜ੍ਹ ਵਿਚਾਰ ਬਣਾ ਲਿਆ। ਇਸ ਜੀਵਨ ਤੋਂ ਤਾਂ ਮੌਤ ਚੰਗੀ ਹੈ। ਉਹ ਦਰਿਆ ਤੋਂ ਦੋ ਕਦਮ ਹੀ ਉਰ੍ਹਾਂ ਸੀ ਕਿ ਖਾਲਾ ਉਹਦੇ ਸਿਰ ਤੇ ਆ ਗਈ। ਦੋਵੇਂ ਦਰਿਆ ਦੇ ਕਿਨਾਰੇ ਤੇ ਜੰਗਲੀ ਪਸ਼ੂਆਂ ਵਾਂਗ ਲੜ ਰਹੀਆਂ ਸਨ। ਖਾਲਾ ਉਹਦੀ ਛਾਤੀ ਤੇ ਚੜ੍ਹ ਗਈ। ਉਹਨੂੰ ਇਸ ਤਰ੍ਹਾਂ ਅਨੁਭਵ ਹੋਇਆ ਜਿਸ ਤਰ੍ਹਾਂ ਸਾਰੀਆਂ ਪਸਲੀਆਂ ਕੜਕੜਾ ਜਾਣਗੀਆਂ, ਸਾਹ ਰੁਕਦਾ ਅਨੁਭਵ ਹੋ ਰਿਹਾ ਸੀ। ਜਿਉਂ ਹੀ ਬੰਧਨ ਜ਼ਰਾ ਢਿਲਾ ਹੋਇਆ ਉਹ ਕਿਸੇ ਚਿਕਨੀ ਮਛੀ ਵਾਂਗ ਹੇਠੋਂ ਨਿਕਲ ਗਈ। ਖਾਲਾ ਫਿਰ ਫੜਨਾ ਚਾਹੁੰਦੀ ਹੀ ਸੀ ਕਿ ਉਹਨੇ ਦਰਿਆ ਵਿਚ ਛਲਾਂਗ ਮਾਰ ਦਿਤੀ। ਉਹਦੇ ਡੁਬਣ ਦੀ ਆਵਾਜ਼ ਇਸ ਤਰ੍ਹਾਂ ਆਈ ਜਿਸ ਤਰ੍ਹਾਂ ਕਿਸੇ ਸ਼ਾਂਤ ਝੀਲ ਵਿਚ ਪਥਰ ਮਾਰ ਦਿਤਾ ਹੋਵੇ। ਖਾਲਾ ਕਿਨਾਰੇ ਤੇ ਖੜੀ ਉਹਨੂੰ ਗਾਲ੍ਹਾਂ ਕਢੀ ਜਾ ਰਹੀ ਸੀ। ਕ੍ਰੋਧ, ਘਿਰਣਾ ਤੇ ਪਸ਼ਚਾਤਾਪ ਦੀਆਂ ਰੇਖਾਵਾਂ ਨੇ ਉਹਦੇ ਚੇਹਰੇ ਦਾ ਹੁਲੀਆ ਵਿਗਾੜ ਦਿਤਾ ਸੀ। ਦਰਿਆ ਦੇ ਕਿਨਾਰੇ ਤੇ ਖੜੀ ਹਾਂਫ ਰਹੀ ਸੀ।

ਆਸਮਾਨ ਦੇ ਬਦਲ ਅਗੇ ਨਾਲੋਂ ਵਧ ਕਾਲੇ ਹੋ ਗਏ। ਹਵਾ

ਰੁਕ ਗਈ। ਇਸ ਤਰ੍ਹਾਂ ਲਗ ਰਿਹਾ ਸੀ ਜਿਸ ਤਰ੍ਹਾਂ ਇਤਨਾ ਪਾਣੀ ਵਸੇ ਗਾ ਕਿ ਦਰਿਆ ਆਪਣਾ ਕਿਨਾਰਾ ਛਡ ਕੇ ਬਾਹਰ ਆ ਜਾਏਗਾ। ਰੁਕੀ ਹੋਈ ਹਵਾ ਤੇ ਸ਼ਾਂਤ ਵਾਤਾਵਰਣ ਭਿਆਨਕ ਤੂਫਾਨ ਆਉਣ ਦੀ ਸੂਚਨਾ ਦੇ ਰਿਹਾ ਸੀ।

● ● ●

ਚੰਦਰ ਨੂੰ ਜੇਲ੍ਹ ਤੋਂ ਆਇਆਂ ਲਗਭਗ ਇਕ ਹਫਤਾ ਹੋ ਚੁਕਾ ਸੀ। ਜੇਲ੍ਹ ਤੋਂ ਰਿਹਾ ਹੋਣ ਤੋਂ ਬਾਅਦ ਉਹਨੇ ਸਭ ਤੋਂ ਪਹਿਲਾਂ ਆਪਣੀ ਭੈਣ ਦਾ ਪਤਾ ਕਢਣਾ ਚਾਹਿਆ। ਉਹਨੇ ਚਾਰੇ ਪਾਸੇ ਪੁਛ ਗਿਛ ਕੀਤੀ ਪਰ ਕੋਈ ਸਿਟਾ ਨਾ ਨਿਕਲਿਆ। ਉਹਦੀਆਂ ਅਖਾਂ ਵ੍ਰਿਚ ਹੰਝੂ ਤੈਰ ਰਹੇ ਸਨ, ਦਿਲ ਬਹੁਤ ਉਦਾਸ ਸੀ ਇਸ ਲਈ ਦਰਿਆ ਦੇ ਕਿਨਾਰੇ ਜਾ ਬੈਠਾ ਤੇ ਅਖਾਂ ਬੰਦ ਕਰਕੇ ਆਪਣੇ ਅਤੀਤ ਬਾਰੇ ਸੋਚਣ ਲਗ ਪਿਆ। ਇਹ ਕੋਈ ਸਾਧਾਰਣ ਗਲ ਨਹੀਂ ਸੀ। ਸਾਰੀ ਦੁਨੀਆਂ ਵਿਚ ਉਹਦੀ ਇਕੋ ਇਕ ਭੈਣ ਸੀ ਪਰ ਲਖ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਹਦਾ ਕੋਈ ਪਤਾ ਨਾ ਚਲਿਆ।

ਸਰਦੀ ਦੇ ਕਾਰਣ ਚਾਰੇ ਪਾਸੇ ਕੋਹਰਾ ਛਾਇਆ ਹੋਇਆ ਸੀ। ਹਵਾ ਇਤਨੀ ਠੰਡੀ ਸੀ ਕਿ ਸਰੀਰ ਦਾ ਇਕ ੨ ਅੰਗ ਕੰਬਾ ਦੇਣ ਲਈ ਕਾਫੀ ਸੀ। ਚਾਰੇ ਪਾਸੇ ਸ਼ਾਂਤੀ ਦਾ ਰਾਜ ਸੀ। ਮੀਂਹ ਬੰਦ ਹੋ ਚੁਕਾ ਸੀ ਤੇ ਰੂੰ ਦੇ ਢੇਰਾਂ ਵਰਗੀਆਂ ਚਿਟੀਆਂ ਬਦਲੀਆਂ ਵਿਚੋਂ ਚੰਨ ਮੁਸਕ੍ਰਾ ਰਿਹਾ ਸੀ। ਚਾਰੇ ਪਾਸੇ ਚਾਨਣੇ ਦੀ ਚਾਦਰ ਵਿਛੀ ਹੋਈ ਸੀ। ਮੀਂਹ ਨੇ ਸਾਰੇ ਵਾਤਾਵਰਣ ਵਿਚ ਨਿਖਾਰ ਪੈਦਾ ਕਰ ਦਿਤਾ ਸੀ। ਦੂਰ ਤਕ ਹਰੇ ਘਾ ਦੀ ਚਾਦਰ ਵਿਛੀ ਹੋਈ ਸੀ। ਇਸ ਤਰ੍ਹਾਂ ਅਨੁਭਵ ਹੁੰਦਾ ਸੀ ਜਿਸ ਤਰ੍ਹਾਂ ਕੁਦਰਤ ਨੇ ਹਰੀ ਮਖਮਲ ਵਿਛਾ ਦਿਤੀ ਹੋਵੇ। ਦਰਿਆ ਦੇ ਪਾਣੀ ਵਿਚ ਚੰਨ ਇਸ ਤਰ੍ਹਾਂ ਚਮਕ ਰਿਹਾ ਸੀ ਜਿਸ ਤਰ੍ਹਾਂ ਕੋਈ ਮਣੀ ਹੋਵੇ।

ਜਦ ਕਦੀ ਕੋਈ ਪਾਣੀ ਦਾ ਜਾਨਵਰ ਕੁਲੈਲਾਂ ਕਰਦਾ ਹੋਇਆ ਡੁਬਕੀ ਮਾਰਦਾ ਦਰਿਆ ਦਾ ਸ਼ਾਂਤ ਪਾਣੀ ਪਾਰੇ ਵਾਂਗ ਕੰਬਣ ਲਗ ਪੈਂਦਾ ਤੇ ਚੰਨ ਦਾ ਪ੍ਰਛਾਵਾਂ ਵੀ ਚੰਦਰ ਦੇ ਦਿਲ ਵਾਂਗ ਹਿਚਕੋਲੇ ਖਾਣ ਲਗ ਪੈਂਦਾ। ਉਹ ਸ਼ਹਿਰ ਦੀ ਤੜਕ ਭੜਕ ਤੋਂ ਦੂਰ ਸ਼ਾਮ ਦਾ ਦਰਿਆ ਦੇ ਕਿਨਾਰੇ ਆਣ ਬੈਠਾ ਸੀ।

ਸਵੇਰ ਦੇ ਚਾਰ ਵਜ ਚੁਕੇ ਸਨ ਤੇ ਪ੍ਰਭਾਤ ਦੇ ਤਾਰੇ ਮਧਮ ਪੈ ਰਹੇ ਸਨ। ਚੰਨ ਆਪਣੀ ਮੰਜ਼ਲ ਵਲ ਪਲੋ ਪਲੀ ਵਧਦਾ ਜਾ ਰਿਹਾ ਸੀ। ਹਨ੍ਹੇਰਾ ਆਪਣੀ ਚਾਦਰ ਸਮੇਟ ਕੇ ਹੌਲੀ ੨ ਜਾ ਰਿਹਾ ਸੀ ਜਿਸ ਤੇ ਚਾਨਣਾ ਅਧਿਕਾਰ ਕਰ ਰਿਹਾ ਸੀ। ਦੂਰ ਕਿਧਰੇ ਸ਼ਹਿਨਾਈ ਵਜ ਰਹੀ ਸੀ ਜਿਸਦੀ ਮਿਠੀ ੨ ਆਵਾਜ਼ ਵਾਤਾਵਰਣ ਵਿਚ ਅੰਮਰਤ ਘੋਲ ਰਹੀ ਸੀ। ਪਰ ਚੰਦਰ ਦੀਆਂ ਅਖਾਂ ਚੋਂ ਹੰਝੂ ਨਿਕਲ ਰਹੇ ਸਨ। ਅਜ ਦੀ ਘਟਨਾ ਨੇ ਉਹਦਾ ਦਿਲ ਹਿਲਾ ਕੇ ਰਖ ਦਿਤਾ ਸੀ। ਸਵੇਰੇ ਰਖੜੀ ਸੀ, ਕੌਣ ਉਹਦੀ ਸੁੰਨੀ ਬਾਂਹ ਤੇ ਰਖੜੀ ਬੰਨ੍ਹੇਗੀ? ਉਹਦੀ ਭੈਣ ਤਾਂ ਪਤਾ ਨਹੀਂ ਜ਼ਿੰਦਾ ਵੀ ਹੈ ਕਿ ਨਹੀਂ। ਹਰ ਰਖੜੀ ਨੂੰ ਉਹ ਆਪਣੀ ਭੈਣ ਨੂੰ ਕਿਹਾ ਕਰਦਾ ਸੀ– 'ਰੰਜਨਾ! ਇਸ ਵੇਲੇ ਤੈਨੂੰ ਦੇਣ ਲਈ ਮੇਰੇ ਕੋਲ ਕੁਝ ਨਹੀਂ ਪਰ ਫ਼ਿਕਰ ਨਾ ਕਰ ਜਦ ਵਡਾ ਹੋ ਕੇ ਪੈਸੇ ਕਮਾਵਾਂਗਾ ਤਾਂ ਸਾਰੀ ਕਸਰ ਪੂਰੀ ਕਰ ਦਿਆਂਗਾ।'

ਅਗੋਂ ਰੰਜਨਾ ਆਪਣੀਆਂ ਪਲਕਾਂ ਝਪਕਾਂਦੀ, ਬੜੇ ਪਿਆਰ ਨਾਲ ਆਪਣੇ ਵੀਰ ਦੇ ਗਲੇ ਵਿਚ ਬਾਹਵਾਂ ਪਾ ਦੇਂਦੀ ਦੇ ਮਚਲਦੀ ਹੋਈ ਕਹਿੰਦੀ– 'ਚੰਦਰ ਵੀਰ! ਦੁਨੀਆਂ ਦੇ ਸਭ ਪਦਾਰਥ ਮਿਲ ਸਕਦੇ ਹਨ ਪਰ ਆਪਣਾ ਵੀਰ ਨਹੀਂ ਮਿਲ ਸਕਦਾ। ਜਦ ਤੈਨੂੰ ਰਖੜੀ ਬੰਨ੍ਹਦੀ ਹਾਂ ਤਾਂ ਇਸ ਤਰ੍ਹਾਂ ਅਨੁਭਵ ਕਰਦੀ ਹਾਂ ਜਿਸ ਤਰ੍ਹਾਂ ਸਾਰੀ ਦੁਨੀਆਂ ਦੀ ਦੌਲਤ ਮਿਲ ਗਈ ਹੈ। ਤੂੰ ਜੀਉਂਦਾ ਰਹੇਂ, ਇਹੋ ਮੇਰੀ ਦੌਲਤ ਹੈ, ਇਹੋ ਮੇਰਾ ਪਿਆਰ ਹੈ।' ਚੰਦਰ ਨੂੰ ਇਸ ਤਰ੍ਹਾ ਅਨੁਭਵ ਹੋਇਆ

ਜਿਸ ਤਰ੍ਹਾਂ ਰੰਜਨਾ ਉਹਦੇ ਸਾਮ੍ਹਣੇ ਖੜੀ ਹੋਵੇ ਤੇ ਆਪਣੀਆਂ ਨਿਕੀਆਂ ੨ ਬਾਹਵਾਂ ਫੈਲਾ ਕੇ ਕਹਿ ਰਹੀ ਹੋਵੇ– 'ਚੰਦਰ ਵੀਰ ! ਤੂੰ ਚਿੰਤਾ ਕਿਉਂ ਕਰਦਾ ਏਂ, ਮੈਂ ਮਰ ਥੋੜਾ ਗਈ ਹਾਂ। ਇਸ ਵਾਰੀ ਤੈਨੂੰ ਜ਼ਰੂਰ ਰਖੜੀ ਬੰਨ੍ਹਾਂਗੀ।'

ਚੰਦਰ ਨੇ ਕਾਹਲੀ ਨਾਲ ਅਖਾਂ ਖੋਲ੍ਹ ਦਿਤੀਆਂ। ਹਰ ਪਾਸੇ ਸਨਾਟਾ ਛਾਇਆ ਹੋਇਆ ਸੀ। ਉਹਨੇ ਸਿਰ ਨੀਵਾਂ ਪਾ ਲਿਆ ਤੇ ਹੰਝੂਆਂ ਰਾਹੀਂ ਆਪਣਾ ਗੁਬਾਰ ਕਢਣ ਲਗ ਪਿਆ। ਯਕਦਮ ਕੋਈ ਇਤਨੇ ਜ਼ੋਰ ਨਾਲ ਚੀਕਿਆ ਕਿ ਚੰਦਰ ਨੇ ਚੌਂਕ ਕੇ ਅਖਾਂ ਖੋਲ ਦਿਤੀਆਂ। ਉਹਨੇ ਸਾਮ੍ਹਣੇ ਸਨਾਟੇ ਵਿਚ ਘੂਰਿਆ ਪਰ ਉਥੇ ਕੁਝ ਵੀ ਨਹੀਂ ਸੀ, ਸ਼ਾਇਦ ਕੋਈ ਪਰਿੰਦਾ ਦਰਖਤ ਨਾਲ ਟਕਰਾ ਗਿਆ ਸੀ।

ਸਾਰੀ ਰਾਤ ਸਰਦੀ ਵਿਚ ਬੈਠੇ ਰਹਿਣ ਕਰਕੇ ਜਿਸਮ ਆਕੜ ਗਿਆ ਸੀ। ਉਹਨੇ ਮੋਢੇ ਤੋਂ ਓਵਰ ਕੋਟ ਉਤਾਰਿਆ ਤੇ ਹਥ ਰਗੜਦਾ ਹੋਇਆ ਉਠ ਖੜਾ ਹੋਇਆ। ਚਾਰੇ ਪਾਸੇ ਧੁੰਦ ਹੀ ਧੁੰਦ ਫੈਲੀ ਹੋਈ ਸੀ। ਚੰਦਰ ਦਾ ਹੌਕਾ ਨਿਕਲ ਗਿਆ। ਉਹਨੇ ਚਾਰੇ ਪਾਸੇ ਇਕ ਸਰਸਰੀ ਨਜ਼ਰ ਮਾਰੀ ਤੇ ਵਾਪਸ ਮੁੜ ਪਿਆ। ਪਰ ਪਤਾ ਨਹੀਂ ਕੀ ਗਲ ਸੀ ਕਿ ਉਹਦਾ ਦਿਲ ਚਾਹੁੰਦਾ ਸੀ ਉਥੇ ਕੁਝ ਚਿਰ ਹੋਰ ਠਹਿਰੇ। ਯਕਦਮ ਪਾਣੀ ਦੇ ਛਪਾਕਿਆਂ ਦੀ ਆਵਾਜ਼ ਆਈ। ਉਹਨੇ ਜੋ ਕੁਝ ਵੇਖਿਆ, ਹੈਰਾਨ ਕਰ ਦੇਣ ਲਈ ਕਾਫੀ ਸੀ। ਦਰਿਆ ਦੇ ਪਾਣੀ ਤੋਂ ਬਾਹਰ ਦੋ ਇਨਸਾਨੀ ਹਥ ਨਜ਼ਰ ਆ ਰਹੇ ਸਨ ਜਿਸ ਤੋਂ ਸਪਸ਼ਟ ਹੁੰਦਾ ਸੀ ਕਿ ਕੋਈ ਪਾਣੀ ਵਿਚ ਡੁਬ ਗਿਆ ਹੈ ਤੇ ਸਹਾਇਤਾ ਚਾਹੁੰਦਾ ਹੈ।

ਚੰਦਰ ਨੇ ਕਾਹਲੀ ਨਾਲ ਕੋਟ ਉਤਾਰਿਆ ਤੇ ਦਰਿਆ ਵਿਚ ਛਲਾਂਗ ਮਾਰ ਦਿਤੀ। ਉਹ ਡੁਬੇ ਹੋਏ ਨੂੰ ਵਾਲਾਂ ਤੋਂ ਖਿਚ ਕੇ ਬਾਹਰ ਲੈ ਆਇਆ। ਜਦ ਉਹਦਾ ਚੇਹਰਾ ਵੇਖਿਆ ਤਾਂ ਕੰਬ ਗਿਆ।

ਇਹ ਇਕ ਨੌਜਵਾਨ ਲੜਕੀ ਸੀ। ਉਹਨੇ ਕਾਹਲੀ ਨਾਲ ਉਹਦੀ ਨਬਜ਼ ਟਟੋਲੀ। ਉਹਦੇ ਬੁਲ੍ਹਾਂ ਤੇ ਮੁਸਕਾਨ ਦੌੜ ਗਈ। ਉਹਦੀ ਨਬਜ਼ ਹਾਲਾਂ ਤੀਕ ਚਲ ਰਹੀ ਸੀ। '—ਤਾਂ ਇਹ ਜ਼ਿੰਦਾ ਹੈ?' ਉਹ ਆਪਣੇ ਆਪ ਬੁੜਬੜਾਇਆ।

ਦੂਜੇ ਪਲ ਹੀ ਉਹਨੂੰ ਆਪਣੇ ਓਵਰ ਕੋਟ ਵਿਚ ਲਪੇਟੀ ਸੜਕ ਤੇ ਪਾਗਲਾਂ ਵਾਂਗ ਦੌੜਦਾ ਜਾ ਰਿਹਾ ਸੀ। ਉਹਦਾ ਘਰ ਜੋ ਉਹਨੇ ਦੋ ਦਿਨ ਪਹਿਲਾਂ ਹੀ ਕਰਾਏ ਤੇ ਲਿਆ ਸੀ, ਦਰਿਆ ਤੋਂ ਇਕ ਫਰਲਾਂਗ ਤੇ ਹੀ ਸੀ। ਦਸ ਮਿੰਟ ਵਿਚ ਹੀ ਉਹ ਘਰ ਪੁਜ ਗਿਆ। ਫਿਰ ਉਹਨੂੰ ਖਿਆਲ ਆਇਆ ਕਿ ਡਾਕਟਰ ਦਾ ਘਰ ਤਾਂ ਉਹਦੇ ਨੇੜੇ ਹੀ ਹੈ। ਉਹ ਲੜਕੀ ਨੂੰ ਉਥੇ ਹੀ ਲਿਟਾ ਕੇ ਦਸ ਮਿੰਟ ਵਿਚ ਹੀ ਡਾਕਟਰ ਨੂੰ ਬੁਲਾ ਲਿਆ-'ਇਆ। ਡਾਕਟਰ ਨੇ ਕਈਂ ਤਰੀਕਿਆਂ ਨਾਲ ਉਹਦੇ ਪੇਟ ਚੋਂ ਫਾਲਤੂ ਪਾਣੀ ਕਢਿਆ ਤੇ ਇਕ ਇੰਜੈਕਸ਼ਨ ਲਗਾ ਦਿਤਾ। ਚੰਦਰ ਨੂੰ ਇਹ ਹਿਦਾਇਤ ਕਰਦਾ ਹੋਇਆ ਕਿ ਕਮਰਾ ਚੰਗੀ ਤਰ੍ਹਾਂ ਗਰਮ ਰਖੇ ਤੇ ਸਵੇਰੇ ਤਕ ਉਹਨੂੰ ਹੋਸ਼ ਆ ਜਾਏਗਾ, ਵਾਪਸ ਚਲਾ ਗਿਆ।

ਲਗਭਗ ਤਿੰਨ ਦਿਨਾਂ ਦੀ ਜ਼ਬਰਦਸਤ ਬਾਰਸ਼ ਤੋਂ ਬਾਦ ਅਜ ਧੁਪ ਨਿਕਲੀ ਸੀ ਇਸ ਤਰ੍ਹਾਂ ਅਖਾਂ ਨੂੰ ਚੁਭ ਰਹੀ ਸੀ। ਚੰਦਰ ਨੇ ਬਾਰੀ ਖੋਲ੍ਹ ਦਿਤੀ। ਹਲਕੀ ਪੀਲੀ ਧੁਪ ਬਾਰੀ ਰਾਹੀਂ ਕਮਰੇ ਵਿਚ ਪ੍ਰਵੇਸ਼ ਕਰ ਗਈ। ਚੰਦਰ ਨੇ ਬਿਸਤਰੇ ਵਲ ਪਈ ਲੜਕੀ ਦੇ ਮੂੰਹ ਵਲ ਗੌਰ ਨਾਲ ਵੇਖਿਆ। ਉਹਦਾ ਹੌਕਾ ਨਿਕਲ ਗਿਆ। ਅਜ ਮੇਰੀ ਰੰਜਨਾ ਵੀ ਇਤਨੀ ਵਡੀ ਹੁੰਦੀ। ਵਿਧਾਤਾ ਨੂੰ ਕੀ ਮੰਜ਼ੂਰ ਹੈ। ਮੈਥੋਂ ਕਿਹੜੇ ਜਨਮ ਦਾ ਬਦਲਾ ਲੈ ਰਿਹਾ ਹੈ। ਮੈਂ ਤਾਂ ਕਦੀ ਕਿਸੇ ਦਾ ਦਿਲ ਨਹੀਂ ਸੀ ਦੁਖਾਇਆ। ਯਕਦਮ ਉਹਦੇ ਦਿਮਾਗ ਵਿਚ ਇਕ ਖਿਆਲ ਆਇਆ:—'ਕਿਧਰੇ ਇਹ ਮੇਰੀ ਰੰਜਨਾਂ ਤਾਂ ਨਹੀਂ? ਉਹੋ ਅਖਾਂ, ਉਹੋ ਚੇਹਰਾ...!' ਫਿਰ ਆਪਣੇ ਆਪ ਤੇ ਹਸਣ ਲਗ ਪਿਆ। ਮੈਂ ਇਤਨਾ ਖੁਸ਼ਕਿਸਮਤ ਨਹੀਂ

ਕਿ ਇਤਨੀ ਆਸਾਨੀ ਨਾਲ ਉਹਨੂੰ ਪਾ ਸਕਾਂ। ਅਠ ਸਾਲ ਬੀਤ ਗਏ ਹਨ। ਕੌਣ ਜਾਣੇ ਵਿਚਾਰੀ ਕਿਧਰ ਗਈ। ਕਿਸ ਹਾਲਤ ਵਿਚ ਹੋਏਗੀ। ਆਹ! ਮੇਰੀ ਪਿਆਰੀ ਰੰਜਨਾਂ, ਮੇਰੀ ਭੈਣ! ਮੈਂ ਤੇਰੇ ਲਈ ਤੜਫ ਰਿਹਾ ਹਾਂ। ਤੈਨੂੰ ਕਿਥੇ ਲਭਾਂ। ਤੇਰੀ ਇਕ ਝਲਕ ਪਾਣ ਲਈ ਮੈਂ ਪਾਗਲ ਹੁੰਦਾ ਜਾ ਰਿਹਾ ਹਾਂ। ਤੈਨੂੰ ਪਾਣ ਲਈ, ਤੈਨੂੰ ਸਿਰਫ ਇਕ ਵਾਰੀ ਵੇਖਣ ਲਈ ਮੈਂ ਆਪਣਾ ਸਭ ਕੁਝ ਲੁਟਾ ਸਕਦਾ ਹਾਂ। ਮੇਰੀ ਪਿਆਰੀ ਭੈਣ! ਤੂੰ ਮੇਰੇ ਨਾਲ ਕਿਉਂ ਨਾਰਾਜ਼ ਹੋ ਗਈ ਏਂ। ਪੈਸਿਆਂ ਪਿਛੇ ਮੇਰੀ ਪਿਆਰੀ ਭੈਣ ਵਿਛੜ ਗਈ। ਅਜ ਮੇਰੇ ਕੋਲ ਸਮਾਜ ਧਰੋਹੀਆਂ ਦਾ ਚੂਸਿਆ ਬੜਾ ਪੈਸਾ ਹੈ। ਮੇਰੇ ਕੋਲ ਨੋਟਾਂ ਦੇ ਬੰਡਲ ਹਨ। ਸੋਨੇ ਤੇ ਚਾਂਦੀ ਦੇ ਅੰਬਾਰ ਹਨ ਪਰ ਦਿਲ ਨੂੰ ਸ਼ਾਂਤੀ ਨਹੀਂ। ਇਹ ਸਭ ਤਾਂ ਮੈਂ ਤੇਰੀ ਖਾਤਰ ਕੀਤਾ ਸੀ। ਜੇ ਤੂੰ ਹੀ ਨਾ ਮਿਲੀ ਤਾਂ ਇਹ ਪੈਸਾ, ਇਹ ਸੋਨਾ ਚਾਂਦੀ, ਇਹ ਕੀਮਤੀ ਸਾਮਾਨ ਕਿਸ ਕੰਮ ਦਾ। ਮੇਰਾ ਜੀਣਾ ਹੀ ਵਿਅਰਥ ਹੈ।' ਚੰਦਰ ਅਖਾਂ ਬੰਦ ਕੀਤੀ ਆਪਣੇ ਆਪ ਹੀ ਬੁੜਬੁੜਾ ਰਿਹਾ ਸੀ।

"ਆਹ...ਮੈਂ...ਮੈਂ...ਕਿਥੇ—ਹਾਂ!" ਕਿਸੇ ਦੇ ਕਰਾਹਣ ਦੀ ਆਵਾਜ਼ ਆਈ। ਚੰਦਰ ਨੇ ਚੌਂਕ ਕੇ ਅਖਾਂ ਖੋਲ੍ਹ ਦਿਤੀਆਂ। ਲੜਕੀ ਇਕ ਟਕ ਛਤ ਨੂੰ ਘੂਰਦੀ ਰਹੀ ਤੇ ਫਿਰ ਉਛਲ ਕੇ ਬਹਿ ਗਈ। ਚੰਦਰ ਕਾਹਲੀ ਨਾਲ ਉਹਦੇ ਕੋਲ ਚਲਾ ਗਿਆ।

'ਮੈਂ ਇਥੇ ਕਿਸ ਤਰ੍ਹਾਂ ਆ ਗਈ। ਮੈਂ ਤਾਂ ਦਰਿਆ ਵਿਚ......।'

'ਹਾਂ ਤੁਸੀ ਦਰਿਆ ਵਿਚ ਰੁੜ੍ਹਦੇ ਜਾ ਰਹੇ ਸੀ। ਮੈਂ ਬੜੀ ਮੁਸ਼ਕਲ ਤੁਹਾਨੂੰ ਇਥੇ ਲਿਆਇਆ ਹਾਂ। ਯਕਦਮ ਚੰਦਰ ਨੂੰ ਖਿਆਲ ਆਇਆ ਕਿ ਇਹ ਮੇਰੀ ਰੰਜਨਾਂ ਹੀ ਨਹੀਂ? ਉਹ ਕਾਹਲੀ ਨਾਲ ਬੋਲਿਆ 'ਤੁਹਾਡਾ ਨਾਂ ਕੀ ਹੈ?'

ਲੜਕੀ ਸੋਚਿਆ ਕੀ ਆਪਣੀ ਅਸਲੀਅਤ ਦਸ ਦੇਵੇ। ਹਾਂ ਇਹ

ਕੋਈ ਚੰਗਾ ਆਦਮੀ ਲਗਦਾ ਏ। ਪਰ ਨਹੀਂ, ਉਹਦੀ ਆਤਮਾ ਨੇ ਚੇਤਾਵਨੀ ਦਿਤੀ— ਜੇ ਤੂੰ ਦਸ ਦਿਤਾ ਕਿ ਵੇਸਵਾਖਾਨੇ ਵਿਚ ਪਲੀ ਏਂ, ਇਕ ਮਾਮੂਲੀ ਨਾਚੀ ਏਂ ਤਾਂ ਤੇਨੂੰ ਇਹ ਹੁਣੇ ਧਕੇ ਮਾਰ ਕੇ ਬਾਹਰ ਕਢ ਦੇਵੇਗਾ। ਫਿਰ ਉਹੀ ਖਾਲਾ, ਅਬਦੁਲ ਦੇ ਹੰਟਰ, ਕਾਮੀ ਇਨਸਾਨਾਂ ਦੀਆਂ ਅਖਾਂ? ਨਹੀਂ! ਨਹੀਂ! ਤੂੰ ਝੂਠੀ ਕਹਾਣੀ ਦਸ ਦੇ। ਤੂੰ ਕਹਿ ਦੇ ਕਿ ਇਕ ਸ਼ਰੀਫ ਲੜਕੀ ਹਾਂ।

'ਤੁਸੀ ਆਪਣਾ ਨਾਂ ਨਹੀਂ ਦਸਿਆਂ।' ਚੰਦਰ ਨੇ ਉਹਨੂੰ ਕੁਝ ਸੋਚਦਿਆਂ ਵੇਖ ਕ ਪੁਛਿਆ।

'ਮੇਰਾ ਨਾਂ ਕਿਰਨ ਹੈ। ਰਾਤ ਨੂੰ ਦਰਿਆ ਕਿਨਾਰੇ ਟਹਿਲਣ ਗਈ ਸਾਂ ਤੇ ਪੈਰ ਤਿਲਕ ਗਿਆ।'

ਚੰਦਰ ਨੂੰ ਇਸ ਤਰ੍ਹਾਂ ਅਨੁਭਵ ਹੋਇਆ ਜਿਸ ਤਰ੍ਹਾਂ ਕਿਸੇ ਨੇ ਉਹਦੇ ਦਿਲ ਤੇ ਮੁਕਾ ਮਾਰ ਦਿਤਾ ਹੋਵੇ। ਉਹ ਘਾਇਲ ਪੰਛੀ ਵਾਂਗ ਫੜਫੜਾ ਕ ਰਹਿ ਗਿਆ। 'ਤੁਸੀ ਕੌਣ ਹੋ? ਤੁਹਾਡੇ ਪਿਤਾ ਦਾ ਕੀ ਨਾਂ ਹੈ? ਕਿਥੇ ਰਹਿੰਦੇ ਹੋ?' ਚੰਦਰ ਤਾਂ ਜਿਸ ਤਰ੍ਹਾਂ ਉਹਦੇ ਮਗਰ ਹੀ ਪੈ ਗਿਆ।

ਕਿਰਨ ਨੇ ਚੰਦਰ ਦੀਆਂ ਅਖਾਂ ਵਿਚ ਝਾਂਕਿਆ। ਉਹਨਾਂ ਵਿਚ ਹਮਦਰਦੀ, ਆਪਣਾਪਨ ਤੇ ਨਿਸ਼ਕਾਮ ਪਿਆਰ ਦੀ ਝਲਕ ਸੀ। ਉਹਨੇ ਸਿਸਕਣਾ ਸ਼ੁਰੂ ਕਰ ਦਿਤਾ ਤੇ ਉਹਦੇ ਸਿਸਕਣ ਨਾਲ ਵਾਤਾਵਰਨ ਭਾਰੀ ਹੋ ਗਿਆ।

'ਮੈਨੂੰ ਮਾਫ ਕਰ ਦੇ ਭੈਣ। ਸ਼ਾਇਦ ਕੋਈ ਐਸੀ ਗਲ ਹੈ ਜੋ ਤੂੰ ਨਹੀਂ ਦਸਣਾ ਚਾਹੁੰਦੀ।' ਚੰਦਰ ਨੇ ਉਹਨੂੰ ਤਸਲੀ ਦੇਂਦਿਆਂ ਕਿਹਾ।

'ਭੈਣ...!' ਕਿਰਨ ਦੇ ਕੰਨਾਂ ਵਿਚ ਤਾਂ ਜਿਸ ਤਰ੍ਹਾਂ ਉਹਨੇ ਅੰਮ੍ਰਿਤ ਘੋਲ ਦਿਤਾ ਹੋਵੇ। ਉਹ ਚੰਦਰ ਵਲ ਵੇਖਦੀ ਹੋਈ ਬੋਲੀ 'ਤੁਸੀ ਮੈਨੂੰ ਪਹਿਲੇ ਆਦਮੀ ਮਿਲੇ ਹੋ ਜਿਸ ਨੇ ਭੈਣ ਕਿਹਾ ਹੈ। ਮੈਨੂੰ ਉਮੀਦ ਹੈ ਕਿ ਤੁਸੀ ਇਕ

ਵੀਰ ਵਾਂਗ ਮੇਰੀ ਬਾਂਹ ਫੜੋਗੇ। ਮੈਂ ਤੁਹਾਡੇ ਅਗੇ ਝੂਠ ਬੋਲਿਆ ਸੀ। ਅਸਲ ਵਿਚ ਮੈਂ ਇਕ ਅਮੀਰ ਮਾਂ ਪਿਓ ਦੀ ਲੜਕੀ ਹਾਂ। ਉਹ ਇਕ ਐਸੇ ਲੜਕੇ ਨਾਲ ਮੈਨੂੰ ਵਿਆਹੁਣਾ ਚਾਹੁੰਦੇ ਹਨ ਜਿਸ ਨਾਲ ਮੈਨੂੰ ਸਖਤ ਨਫਰਤ ਹੈ। ਮੈਂ ਉਹਨਾਂ ਦੀ ਮਰਜ਼ੀ ਦੀ ਵਿਰੋਧਤਾ ਕੀਤੀ ਪਰ ਕਿਸੇ ਤੇ ਅਸਰ ਨਾ ਹੋਇਆ। ਸਭ ਦੀ ਇਕੋ ਰਾਏ ਸੀ। ਮੈਂ ਇਸ ਜੀਵਨ ਤੋਂ ਮੌਤ ਨੂੰ ਚੰਗਾ ਸਮਝਿਆ ਤੇ ਦਰਿਆ ਵਿਚ ਛਲਾਂਗ ਮਾਰ ਦਿਤੀ। ਮੈਂ ਕਿਸੇ ਸੂਰਤ ਵਿਚ ਘਰ ਨਹੀਂ ਜਾਣਾ ਚਾਹੁੰਦੀ। ਜੇ ਤੁਸੀ ਇਥੋਂ ਕਢ ਦਿਤਾ ਤਾਂ ਆਤਮ-ਘਾਤ ਕਰ ਲਵਾਂਗੀ।'

'ਹਟ ਸੁਦੈਣ।' ਚੰਦਰ ਨੇ ਉਹਦੇ ਮੂੰਹ ਤੇ ਹਲਕੀ ਜਿਹੀ ਚਪੇੜ ਮਾਰੀ। ਉਹਨੂੰ ਛਾਤੀ ਨਾਲ ਲਾਂਦਾ ਹੋਇਆ ਬੋਲਿਆ 'ਕਿਰਨ, ਮੈਨੂੰ ਇਕ ਵਾਰੀ ਵੀਰ ਕਹਿ ਦੇ। ਮੇਰੇ ਕੰਨ ਬੜੀ ਦੇਰ ਦੇ ਤਰਸ ਰਹੇ ਹਨ।' ਉਹ ਆਪਣੇ ਹੰਝੂਆਂ ਤੇ ਅਧਿਕਾਰ ਪਾਂਦਾ ਹੋਇਆ ਬੋਲਿਆ।

'ਵੀਰ ਜੀ......।' ਉਹ ਪਾਗਲਾਂ ਵਾਂਗ ਚੰਦਰ ਨਾਲ ਚੰਬੜੀ ਹੋਈ ਰੋਈ ਜਾ ਰਹੀ ਸੀ।

'ਵੀਰ ਜੀ—' ਕਿਰਨ ਨੇ ਉਹਨੂੰ ਸੰਬੋਧਨ ਕਰਦਿਆਂ ਕਿਹਾ, 'ਮੈਂ ਜਦੋਂ ਦੀ ਆਈ ਹਾਂ, ਵੇਖ ਰਹੀ ਹਾਂ ਕਿ ਤੁਸੀ ਗਲਾਂ ਕਰਦਿਆਂ ਕਰਦਿਆਂ ਵੀਚਾਰਾਂ ਦੇ ਸਾਗਰ ਵਿਚ ਡੁਬ ਜਾਂਦੇ ਹੋ। ਕੀ ਦਿਲ ਦੀ ਗਲ ਭੈਣ ਨੂੰ ਨਹੀਂ ਦਸੋਗੇ? ਦਿਲ ਦਾ ਦੁਖ ਦੂਜੇ ਨੂੰ ਦਸਣ ਨਾਲ ਅਧਾ ਹੋ ਜਾਂਦਾ ਹੈ—'

'ਕਿਰਨ!' ਚੰਦਰ ਨੇ ਆਪਣੇ ਹਥ ਇਸ ਤਰ੍ਹਾਂ ਸੁਟੇ ਜਿਸ ਤਰ੍ਹਾਂ ਕਿਸੇ ਦਾ ਸਭ ਕੁਝ ਲੁਟਿਆ ਜਾਂਦਾ ਹੈ। ਉਹਨੇ ਕਮਰੇ ਵਿਚ ਦੋ ਤਿੰਨ ਚਕਰ ਲਾਏ ਤੇ ਰੁਕਦਾ ਹੋਇਆ ਬੋਲਿਆ, '—ਮੇਰੀ ਵੀ ਇਕ ਤੇਰੇ ਵਰਗੀ ਭੈਣ ਸੀ। ਕਿਸਮਤ ਨੇ ਅਜੇਹਾ ਪਲਟਾ ਖਾਧਾ ਕਿ ਮੈਥੋਂ ਵਿਛੜ ਗਈ। ਮੇਰੇ ਜੀਵਨ ਦਾ ਇਕ ਹੀ ਮੰਤਵ ਹੈ ਕਿ ਕਿਸੇ ਤਰ੍ਹਾਂ ਉਹਨੂੰ ਪਾ ਲਵਾਂ।

ਤੂੰ ਨਹੀਂ ਜਾਣਦੀ ਕਿਰਨ ਮੈਂ ਕਿਤਨਾ ਬਦਕਿਸਮਤ ਹਾਂ। ਦੁਨੀਆਂ ਵਿਚ ਇਕੋ ਇਕ ਭੈਣ ਹੈ ਪਰ ਉਹਦਾ ਕੁਝ ਪਤਾ ਨਹੀਂ ਚਲਦਾ। ਮੈਂ ਜੀਵਨ ਤੋਂ ਭਟਕ ਚੁਕਾ ਹਾਂ...... ।'

ਚੰਦਰ ਨੇ ਕਿਰਨ ਵਲ ਵੇਖਿਆ ਤਾਂ ਹੈਰਾਨ ਰਹਿ ਗਿਆ। ਉਹ ਸਰ੍ਹਾਣੇ ਵਿਚ ਮੂੰਹ ਲੁਕਾਈ ਰੋ ਰਹੀ ਸੀ। ਚੰਦਰ ਨੇ ਬਥੇਰਾ ਪੁਛਿਆ ਪਰ ਉਹਨੇ ਕੁਝ ਨਾ ਦਸਿਆ।

'ਕਿਰਨ! ਤੈਨੂੰ ਮੇਰੀ ਕਸਮ—' ਚੰਦਰ ਉਹਦੇ ਕਾਲੀ ਘਟਾ ਵਾਂਗ ਬਿਖਰੇ ਹੋਏ ਵਾਲਾਂ ਤੇ ਹਥ ਫੇਰਦਿਆਂ ਬੋਲਿਆ, 'ਦਸ ਤੈਨੂੰ ਕੀ ਹੋਇਆ ਹੈ?'

'ਉਹ...... ਕੁਝ ਨਹੀਂ ਵੀਰ ਜੀ। ਤੁਹਾਡੀ ਭੈਣ ਦੀ ਕਹਾਣੀ ਸੁਣੀ ਤੇ ਦਿਲ ਨੂੰ ਦੁਖ ਹੋਇਆ। ਮੈਂ ਵੀ ਉਹਨੂੰ ਲਭਣ ਵਿਚ ਤੁਹਾਡੀ ਮਦਦ ਕਰਾਂਗੀ।' ਕਿਰਨ ਆਪਣੇ ਹੰਝੂਆਂ ਤੇ ਅਧਿਕਾਰ ਪਾਂਦੀ ਹੋਈ ਬੋਲੀ।

'ਕਿਰਨ, ਜਦ ਤਕ ਮੇਰੀ ਭੈਣ ਦਾ ਪਤਾ ਨਹੀਂ ਚਲਦਾ, ਨਾ ਚੈਨ ਨਾਲ ਬੈਠਾਂਗਾ ਨਾ ਸੋਵਾਂਗਾ। ਜਿਸ ਦਿਨ ਉਹ ਮਿਲ ਗਈ, ਉਹ ਦਿਨ ਮੇਰੇ ਲਈ ਵਡੇ ਭਾਗਾਂ ਵਾਲਾ ਹੋਵੇਗਾ।'

ਚੰਦਰ ਨੇ ਹੌਕਾ ਭਰਿਆ ਤੇ ਗਲ ਫੇਰਦਿਆਂ ਬੋਲਿਆ, 'ਉਹ— ਗਲਾਂ ਗਲਾਂ ਵਿਚ ਸਤ ਵਜ ਗਏ। ਮੈਂ ਹੁਣੇ ਚਾਹ ਬਣਾਂਦਾ ਹਾਂ।' ਕਹਿੰਦਿਆਂ ਉਹਨੇ ਹੀਟਰ ਲਾ ਦਿਤਾ।

'ਅਜ ਤੋਂ ਇਹ ਸਭ ਮੈਂ ਕਰਿਆ ਕਰਾਂਗੀ।' ਕਿਰਨ ਕਾਹਲੀ ਨਾਲ ਉਠਦੀ ਹੋਈ ਬੋਲੀ।

'ਨਹੀਂ ਕਿਰਨ!' ਜਦ ਤਕ ਤੂੰ ਠੀਕ ਨਹੀਂ ਹੋ ਜਾਂਦੀ ਤਦ ਤਕ ਤੇਰੀ ਸੇਵਾ ਕਰਨਾ ਮੇਰਾ ਫਰਜ਼ ਹੈ।' ਕਹਿੰਦਿਆਂ ਚੰਦਰ ਨੇ ਉਹਨੂੰ ਜ਼ਬਰਦਸਤੀ ਲਿਟਾ ਦਿਤਾ। ਕੁਝ ਦੇਰ ਇਧਰ ਉਧਰ ਦੀਆਂ ਗਲਾਂ

ਹੁੰਦੀਆਂ ਰਹੀਆਂ ਤਦ ਤਕ ਪਾਣੀ ਉਬਲ ਗਿਆ।

'ਕਿਰਨ ?' ਚੰਦਰ ਕੇਤਲੀ ਤੋਂ ਢਕਣ ਉਤਾਰਦਿਆਂ ਬੋਲਿਆ, 'ਰਬ ਨੇ ਇਨਸਾਨ ਦੇ ਅੰਦਰ ਇਕ ਦਿਲ ਵੀ ਬਣਾਇਆ ਹੈ। ਜਦ ਆਦਮੀ ਨੂੰ ਕਿਸੇ ਪਿਆਰੀ ਚੀਜ਼ ਦੀ ਯਾਦ ਆਉਂਦੀ ਹੈ ਜੋ ਉਸਦੀ ਪਹੁੰਚ ਤੋਂ ਬਾਹਰ ਹੁੰਦੀ ਹੈ ਤਾਂ ਉਹਦੇ ਦਿਲ ਦਾ ਲਹੂ ਇਸ ਪਾਣੀ ਵਾਂਗ ਉਬਲਣ ਲਗ ਪੈਂਦਾ ਹੈ। ਇਹ ਪਾਣੀ ਤਦ ਤਕ ਕੰਮ ਦਾ ਹੈ ਜਦ ਤਕ ਗਰਮ ਹੈ। ਇਸੇ ਤਰ੍ਹਾਂ ਇਨਸਾਨ ਦਾ ਦਿਲ ਤਾਂ ਹੀ ਕੋਈ ਕੰਮ ਕਰਨ ਤੇ ਤਿਆਰ ਹੁੰਦਾ ਹੈ ਜੇ ਉਸਦੇ ਲਹੂ ਵਿਚ ਗਰਮੀ ਹੋਵੇ, ਉਹ ਵੀ ਇਸ ਪਾਣੀ ਵਾਂਗ ਉਬਲੇ। ਉਬਲਦੇ ਪਾਣੀ ਤੋਂ ਲਾਭ ਉਠਾ ਲੈਣਾ ਚਾਹੀਦਾ ਹੈ ਵਰਨਾ ਭਾਫ ਬਣਕੇ ਉਡ ਜਾਂਦਾ ਹੈ......।'

ਚੰਦਰ ਵੀਚਾਰਾਂ ਦੇ ਆਕਾਸ਼ ਤੇ ਉਡਾਰੀਆਂ ਲਾਂਦਾ ਪਤਾ ਨਹੀਂ ਕੀ ਬੁੜਬੁੜਾਈ ਜਾ ਰਿਹਾ ਸੀ।

ਕੇਤਲੀ ਦਾ ਪਾਣੀ ਉਬਲ ੨ ਕੇ ਹੀਟਰ ਤੇ ਪੈ ਰਿਹਾ ਸੀ ਪਰ ਦੋਹਾਂ ਵਿਚੋਂ ਕਿਸੇ ਨੂੰ ਵੀ ਹੋਸ਼ ਨਹੀਂ ਸੀ। ਕਿਰਨ ਬਿਨਾਂ ਪਲਕਾਂ ਝਪਕਾਏ ਚੰਦਰ ਵਲ ਵੇਖ ਰਹੀ ਸੀ ਤੇ ਚੰਦਰ ਵੀਚਾਰਾਂ ਦੇ ਸਾਗਰ ਵਿਚ ਡੁਬਾ ਪਤਾ ਨਹੀਂ ਕਿਸ ਤਰ੍ਹਾਂ ਦੀਆਂ ਗਲਾਂ ਕਰ ਰਿਹਾ ਸੀ,– 'ਕਿਰਨ! ਇਕ ਦਿਨ ਉਹ ਆਇਗਾ ਜਦ ਭਾਪ ਵਾਂਗ ਮੇਰੇ ਦਿਲ ਦੀਆਂ ਧੜਕਨਾਂ ਖਤਮ ਹੋ ਜਾਣਗੀਆਂ। ਪਰ ਨਹੀਂ ਕਿਰਨ, ਮੈਨੂੰ ਵਿਸ਼ਵਾਸ ਹੈ ਮਰਨ ਤੋਂ ਪਹਿਲਾਂ ਆਪਣੀ ਭੈਣ ਨੂੰ ਜ਼ਰੂਰ ਪਾਂ ਲਵਾਂਗਾ।'

ਪਾਣੀ ਦੀ ਸ਼ਾਂ ਸ਼ਾਂ ਨੇ ਉਹਦੀ ਵਿਚਾਰਧਾਰਾ ਤੋੜ ਦਿਤੀ ਤੇ ਚੋਂਕਦਿਆਂ ਬੋਲਿਆ 'ਮੈਂ...ਮੈਂ...ਬਿਲਕੁਲ ਪਾਗਲ ਹਾਂ ਕਿਰਨ...। ਪਾਣੀ ਉਬਲ ਰਿਹਾ ਹੈ ਤੇ ਮੈਨੂੰ ਹੋਸ਼ ਹੀ ਨਹੀਂ। ਪਤਾ ਨਹੀਂ ਪਾਗਲਪਨ ਵਿਚ ਕੀ ਕੀ ਬਕ ਗਿਆ ਹਾਂ। ਇਹ ਗਲਾਂ ਤੇਰੀ ਸਮਝ ਵਿਚ ਨਹੀਂ ਆ

ਸਕਦੀਐ।' ਉਹਨੇ ਦੋ ਪਿਆਲੇ ਚਾਹ ਤਿਆਰ ਕੀਤੀ। ਇਕ ਕਿਰਨ ਨੂੰ ਫੜਾ ਦਿਤਾ ਤੇ ਦੂਜਾ ਆਪ ਲੈ ਲਿਆ। ਫਿਰ ਦੋਹਾਂ ਚੋਂ ਕੋਈ ਕੁਝ ਨਾ ਬੋਲਿਆ। ਕਮਰੇ ਵਿਚ ਪੂਰਣ ਸ਼ਾਂਤੀ ਸੀ। ਕੇਵਲ ਦੀਵਾਰ ਤੇ ਲਗੀ ਘੜੀ ਟਿਕ ਟਿਕ ਕਰ ਰਹੀ ਸੀ।

ਕਿਰਨ ਨੇ ਆਪਣੇ ਆਪ ਨੂੰ ਇਸ ਤਰ੍ਹਾਂ ਅਨੁਭਵ ਕੀਤਾ ਜਿਵੇਂ ਪਹਿਲੀ ਵਾਰ ਇਨਸਾਨੀ ਦੁਨੀਆਂ ਵਿਚ ਆਈ ਹੋਵੇ। ਬਚਪਨ ਜਿਸ ਤਰ੍ਹਾਂ ਬੀਤਿਆ ਉਹਨੂੰ ਯਾਦ ਨਹੀਂ ਸੀ। ਜਵਾਨੀ ਦੇ ਦਿਨ ਇਤਨੇ ਘਿਰਣਾ ਜਨਕ ਬੀਤੇ ਕਿ ਕਈ ਵਾਰੀ ਆਤਮ ਘਾਤ ਕਰਨ ਤੇ ਦਿਲ ਕੀਤਾ ਪਰ ਹਰ ਵਾਰ ਇਹ ਸੋਚ ਕੇ ਦਿਲ ਨੂੰ ਤਸੱਲੀ ਹੁੰਦੀ ਕਿ ਰਬ ਨੇ ਸ਼ੈਤਾਨ ਦੇ ਹਥੋਂ ਉਹਦੀ ਇਜ਼ਤ ਬਚਾ ਦਿਤੀ ਹੈ। ਉਹਦਾ ਦਾਮਨ ਗੰਗਾ ਜਲ ਵਾਂਗ ਪਾਕ ਹੈ। ਇਹ ਗਲ ਵਖਰੀ ਹੈ ਕਿ ਉਹ ਦੋ ਚਾਰ ਮਹਿਫਲਾਂ ਵਿਚ ਨਚ ਚੁਕੀ ਹੈ। ਸਮਾਜ ਦੀਆਂ ਨਜ਼ਰਾਂ ਵਿਚ ਭਾਵੇਂ ਗਿਰਾਵਟ ਦਾ ਕੰਮ ਹੈ ਪਰ ਉਹਨੇ ਮਜਬੂਰੀ ਵਿਚ ਕੀਤਾ ਹੈ। ਉਹ ਆਪਣੇ ਆਪ ਪਤਾ ਨਹੀਂ ਕੀ ਕੀ ਸੋਚਦੀ ਜਾ ਰਹੀ ਸੀ। ਹਾਂ ਇਕ ਗਲ ਤੋਂ ਜ਼ਰੂਰ ਡਰ ਜਾਂਦੀ। ਜੇ ਕਿਧਰੇ ਖਾਲਾ ਯਾ ਅਬਦੁਲ ਦੀ ਨਜ਼ਰ ਪੈ ਗਈ ਤਾਂ ਗਜ਼ਬ ਹੋ ਜਾਏਗਾ। ਚੰਦਰ ਦਾ ਵੀ ਕੀ ਵਿਸ਼ਵਾਸ। ਉਹਦੇ ਕੰਨ ਵਿਚ ਜ਼ਰਾ ਵੀ ਭਣਕ ਪੈ ਗਈ ਕਿ ਮੈਂ ਕਿਹੋ ਜਿਹੇ ਤਬਕੇ ਵਿਚ ਪਲੀ ਹਾਂ ਤਾਂ ਠੁਕਰਾ ਦੇਵੇਗਾ। ਫਿਰ...ਉਹੋ ਗੰਦਾ ਜੀਵਨ—ਖਾਲਾ ਦੀਆਂ ਗਾਲ੍ਹਾਂ—ਅਬਦੁਲ ਦਾ ਹੰਟਰ—ਕਾਮੀ ਅਖਾਂ। ਉਹ ਕੰਬ ਗਈ।

'ਕਿਰਨ ਇਕ ਗਲ ਪੁਛਾਂ ?' ਚੰਦਰ ਦੀ ਆਵਾਜ਼ ਸੁਣ ਕੇ ਉਹ ਚੌਂਕ ਪਈ।

'ਹੂੰ—ਆਂ—ਹਾਂ......।' ਉਹ ਸੰਭਲ ਕੇ ਬੈਠ ਗਈ ਤੇ ਉਹਦੇ ਮੂੰਹ ਵਲ ਵੇਖਣ ਲਗ ਪਈ।

'ਭੈਣ ਇਹ ਘਰ ਤੇਰਾ ਹੈ, ਇਸ ਵਿਚ ਸ਼ਕ ਨਹੀਂ। ਪਰ ਕਦ ਤਕ ਇਥੇ ਛੁਪੀ ਰਹੇਂਗੀ? ਜੇ ਤੇਰੇ ਘਰ ਦਿਆਂ ਨੂੰ ਪਤਾ ਚਲ ਗਿਆ ਤਾਂ ਮੁਸ਼ਕਲ ਹੋ ਜਾਏਗੀ। ਤੂੰ ਮੈਨੂੰ ਆਪਣੇ ਘਰ ਦਾ ਪਤਾ ਦਸ ਦੇ। ਮੈਨੂੰ ਯਕੀਨ ਹੈ ਐਸੀ ਹਾਲਤ ਉਹ ਤੇਰੀ ਵਿਰੋਧਤਾ ਨਹੀਂ ਕਰਨਗੇ। ਮੇਰਾ ਕੀ ਹੈ, ਸਾਡਾ ਪਿਆਰ ਘਟ ਥੋੜਾ ਜਾਏਗਾ। ਅਕਸਰ ਤੈਨੂੰ ਮਿਲਦਾ ਰਹਾਂਗਾ।'

'ਤੁਸੀ ਠੀਕ ਕਹਿੰਦੇ ਹੋ ਚੰਦਰ ਬਾਬੂ—' ਕਿਰਨ ਕਾਹਲੀ ਨਾਲ ਉਠ ਖੜੀ ਹੋਈ। ਉਹਦੀਆਂ ਅਖਾਂ ਇਕ ਵਾਰੀ ਫਿਰ ਭਰ ਆਈਆਂ। ਉਹ ਦਰਵਾਜ਼ੇ ਵਲ ਵਧਦੀ ਹੋਈ ਬੋਲੀ, 'ਤੁਹਾਨੂੰ ਜਿਤਨਾ ਕਸ਼ਟ ਦਿਤਾ ਉਸ ਲਈ ਖਿਮਾਂ ਚਾਹੁੰਦੀ ਹਾਂ। ਇਨਸਾਨ ਭਾਵਨਾ ਵਿਚ ਡੁਬ ਕੇ ਕਦੀ ੨ ਚੰਨ ਤੇ ਤਾਰਿਆਂ ਨੂੰ ਪਾਣ ਦੀ ਕਲਪਨਾ ਕਰ ਬੈਠਦਾ ਹੈ। ਕਮਲ ਦਾ ਫੁਲ ਮੁਸਕਾਣ ਵੇਲੇ ਇਹ ਭੁਲ ਜਾਂਦਾ ਹੈ ਕਿ ਉਸਦਾ ਜਨਮ ਗੰਦੇ ਤੇ ਬਦਬੂਦਾਰ ਚਿੱਕੜ ਵਿਚ ਹੋਇਆ ਹੈ। ਥੋੜੀ ਦੇਰ ਲਈ ਮੈਂ ਵੀ ਅਜੇਹਾ ਖ਼ਾਬ ਲੈ ਲਿਆ। ਚੰਦਰ ਬਾਬੂ! ਕੋਈ ਬਚਾ ਜ਼ਿੱਦ ਕਰੇ ਕਿ ਮੈਂ ਖੇਡਣ ਲਈ ਆਕਾਸ਼ ਦੇ ਚੰਨ ਤਾਰੇ ਲੈਣੇ ਹਨ ਤਾਂ ਉਹਦੀ ਲਾਲਸਾ ਪੂਰੀ ਨਹੀਂ ਹੋ ਸਕਦੀ......।

ਤੁਸੀ ਮੇਰਾ ਮਤਲਬ ਚੰਗੀ ਤਰ੍ਹਾਂ ਸਮਝ ਰਹੇ ਹੋਵੋਗੇ। ਮੈਂ ਜਾਂਦੀ ਹਾਂ। ਤੁਹਾਡੀ ਇਕ ਗਲ ਨੇ ਹੀ ਦਿਲ ਦੀ ਮੂੰਹ ਤੇ ਲਿਆ ਦਿਤੀ ਹੈ। ਮੈਂ ਤੁਹਾਨੂੰ ਭਾਰੀ ਜੁ ਲਗਦੀ ਹਾਂ। ਜੇ ਤੁਹਾਡੇ ਮੋਢੇ ਇਤਨੇ ਕਮਜ਼ੋਰ ਸਨ ਕਿ ਮੇਰਾ ਭਾਰ ਨਹੀਂ ਸਨ ਸਹਾਰ ਸਕਦੇ ਤਾਂ ਬਚਾਣ ਦੀ ਕੀ ਲੋੜ ਸੀ?' ਉਹ ਹੰਝੂਆਂ ਨੂੰ ਰੋਕਦੀ ਹੋਈ ਦਰਵਾਜ਼ੇ ਵਲ ਵਧ ਗਈ। ਦਰਵਾਜ਼ੇ ਤੋਂ ਮੁੜ ਕੇ ਉਹਨੇ ਚੰਦਰ ਵਲ ਵੇਖਿਆ ਤੇ ਬੁਲ੍ਹਾਂ ਤੇ ਜ਼ਹਿਰੀਲੀ ਮੁਸਕਾਨ ਲਿਆਂਦੀ ਹੋਈ ਬੋਲੀ, 'ਪਰ ਇਸ ਗਲ ਨੂੰ ਨਾ ਭੁਲੋ ਕਿ ਮੈਨੂੰ ਭੈਣ ਬਣਾ ਚੁਕੇ ਹੋ। ਕਲ ਤਕ ਮੇਰੀ ਲਾਸ਼ ਕਿਸੇ ਰੇਲ ਦੀ ਪਟੜੀ ਤੇ ਜ਼ਰੂਰ ਮਿਲ ਜਾਏਗੀ।'

'ਕਿਰਨ !!' ਚੰਦਰ ਇਤਨੇ ਜ਼ੋਰ ਨਾਲ ਗਰਜਿਆ ਕਿ ਕਮਰੇ ਦੀਆਂ ਦੀਵਾਰਾਂ ਝਨਝਨਾ ਉਠੀਆਂ। ਮੂੰਹ ਤੇ ਪਸੀਨੇ ਦੀਆਂ ਬੂੰਦਾਂ ਤੈਰ ਰਹੀਆਂ ਸਨ, ਬੁਲ੍ਹ ਫੜਕ ਰਹੇ ਸਨ। ਸ਼ਾਇਦ ਬੋਲਣਾ ਤਾਂ ਚਾਹੁੰਦਾ ਸੀ ਪਰ ਲਫਜ਼ ਨਹੀਂ ਸਨ ਮਿਲ ਰਹੇ। ਸਾਰਾ ਜਿਸਮ ਕਬ ਰਿਹਾ ਸੀ, ਅਖਾਂ ਦੇ ਡੋਰੇ ਇਸ ਤਰ੍ਹਾਂ ਲਾਲ ਸਨ ਜਿਸ ਤਰ੍ਹਾਂ ਜਿਸਮ ਦਾ ਸਾਰਾ ਲਹੂ ਅਖਾਂ ਵਿਚ ਆ ਗਿਆ ਹੋਵੇ। ਪੈਰਾਂ ਵਿਚ ਖੜ੍ਹੇ ਹੋਣ ਦੀ ਸ਼ਕਤੀ ਵੀ ਨਹੀਂ ਸੀ। ਉਹ ਲੜਖੜਾਂਦਾ ਹੋਇਆ ਕਿਰਨ ਕੋਲ ਪਹੁੰਚਿਆ। ਕਿਰਨ ਉਹਦੀਆਂ ਅਖਾਂ ਵੇਖ ਕੇ ਡਰ ਗਈ। ਉਹਨਾਂ ਅਖਾਂ ਵਿਚ ਪਿਆਰ ਨਹੀਂ ਸੀ, ਆਪਣਾ-ਪਨ ਨਹੀਂ ਸੀ, ਹਮਦਰਦੀ ਨਹੀਂ ਸੀ, ਬਲਕਿ ਕ੍ਰੋਧ, ਉਲਝਨ ਤੇ ਪਛਤਾਪ ਦੇ ਮਿਲੇ ਜੁਲੇ ਚੰਗਿਆੜੇ ਸਨ। ਕਿਰਨ ਨਜ਼ਰਾਂ ਨਾ ਮਿਲਾ ਸਕੀ, ਉਹਨੇ ਪਲਕਾਂ ਝੁਕਾ ਲਈਆਂ। ਦੂਜੇ ਪਲ ਉਹ ਵੇਖ ਕੇ ਹੈਰਾਨ ਹੋ ਗਈ। ਚੰਦਰ ਆਪਣੇ ਹੰਝੂਆਂ ਨਾਲ ਉਹਦੇ ਪੈਰ ਧੋਈ ਜਾ ਰਿਹਾ ਸੀ ਤੇ ਬੁੜਬੁੜਾ ਰਿਹਾ ਸੀ, 'ਤੂੰ ਮੈਨੂੰ ਗਲਤ ਸਮਝਿਆ ਹੈ ਕਿਰਨ। ਮੈਨੂੰ ਖਿਮਾਂ ਕਰ ਦੇ। ਜੇ ਤੂੰ ਚਲੀ ਗਈ ਤਾਂ ਮੈਨੂੰ ਵਡਾ ਦੁਖ ਹੋਵੇਗਾ। ਮੈਨੂੰ ਤਰੀ ਹਮਦਰਦੀ, ਸਹਾਰੇ ਤੇ ਪਿਆਰ ਦੀ ਲੋੜ ਹੈ ਵਰਨਾ ਮੈਂ ਹਨੇਰੇ ਵਿਚ ਭਟਕ ਜਾਵਾਂਗਾ। ਵਚਨ ਦੇ ਕਿ ਇਥੋਂ ਕਦੀ ਨਹੀਂ ਜਾਏਂਗੀ।'

ਚੰਦਰ ਨੇ ਕਿਰਨ ਵਲ ਵੇਖਿਆ। ਉਹ ਕਿਸੇ ਐਸੇ ਬਚੇ ਵਾਂਗ ਰੋ ਰਹੀ ਸੀ ਜਿਸਦਾ ਕੋਈ ਪਿਆਰਾ ਖਿਡੌਣਾ ਟੁਟ ਗਿਆ ਹੋਵੇ। ਰੋਣ ਕਰ ਕੇ ਉਹਦਾ ਕੋਮਲ ਚੇਹਰਾ ਉਸ ਕਲੀ ਵਾਂਗ ਮੁਰਝਾ ਗਿਆ ਸੀ ਜਿਸਨੂੰ ਖਿੜਨ ਤੋਂ ਪਹਿਲਾਂ ਜ਼ਬਰਦਸਤੀ ਸ਼ਾਖ ਤੋਂ ਤੋੜ ਲਿਆ ਗਿਆ ਹੋਵੇ। ਰੋਣ ਕਰ ਕੇ ਉਹਦੇ ਬੁਲ੍ਹ ਮੋਟੇ ਹੋ ਗਏ ਸਨ। ਚੰਦਰ ਨੇ ਉਹਨੂੰ ਸਹਾਰਾ ਦੇ ਕੇ ਬਿਸਤਰੇ ਤੇ ਲਿਟਾ ਦਿਤਾ। ਉਹ ਬੜੀ ਉਲਝਨ ਵਿਚ ਫਸ ਗਿਆ ਸੀ। ਉਹਨੇ ਗਲ ਉਹਦੀ ਭਲਾਈ ਦੀ ਕੀਤੀ ਸੀ ਪਰ ਕਿਰਨ ਨੇ ਉਲਟਾ ਮਤਲਬ ਕਢਿਆ। ਕਿਰਨ ਉਹਨੂੰ ਸ਼ਕ ਦੀ ਨਜ਼ਰ ਨਾਲ ਤਾਂ ਨਹੀਂ ਵੇਖਣ

ਲਗ ਪਈ ? ਇਹ ਸੋਚਦਿਆਂ ਹੀ ਉਹ ਕੰਬ ਗਿਆ ਪਰ ਹੁਣ ਕੀ ਹੋ ਸਕਦਾ ਸੀ। ਚਲਿਆ ਹੋਇਆ ਤੀਰ ਤੇ ਮੂੰਹ ਚੋਂ ਕਢੀ ਗਲ ਵਾਪਸ ਨਹੀਂ ਲਈ ਜਾ ਸਕਦੀ। ਕਿਰਨ ਚੁਪਚਾਪ ਬਿਸਤਰੇ ਤੇ ਲੇਟ ਗਈ। ਚੰਦਰ ਕਮਰੇ ਵਿਚ ਬੜੀ ਬੇਚੈਨੀ ਨਾਲ ਟਹਿਲ ਰਿਹਾ ਸੀ।

'ਕਿਰਨ' ਚੰਦਰ ਉਸ ਵਲ ਵੇਖਦਿਆਂ ਬੋਲਿਆ।

'ਹੂੰ ?' ਕਿਰਨ ਨੇ ਪਾਸਾ ਪਰਤਿਆ ਤੇ ਚੰਦਰ ਵਲ ਵੇਖਣ ਲਗ ਪਈ।

'ਅਜ ਰਖੜੀ ਹੈ ਕਿਰਨ ! ਕੀ ਮੇਰੀ ਬਾਂਹ ਸੁੰਨੀ ਰਹੇਗੀ ?' ਚੰਦਰ ਨੇ ਮੁਸਕ੍ਰਾ ਕੇ ਕਿਹਾ।

'ਉਹ ਵੀਰ ਜੀ। ਮੈਨੂੰ ਤਾਂ ਪਤਾ ਹੀ ਨਹੀਂ ਸੀ। ਥੋੜੀ ਦੇਰ ਠਹਿਰ ਜਾਓ। ਮੈਂ ਬਜ਼ਾਰੋਂ ਖਰੀਦ ਲਿਆਂਦੀ ਹਾਂ' ਉਹਨੇ ਸਿਰ ਚੁਕ ਕੇ ਚੰਦਰ ਵਲ ਵੇਖਿਆ। ਉਹ ਕਿਸੇ ਗਹਿਰੀ ਸੋਚ ਵਿਚ ਡੁਬਾ ਹੋਇਆ ਸੀ।

'ਕੀ ਸੋਚ ਰਹੇ ਹੋ ?'

'ਕਿਰਨ ! ਮੇਰੀ ਭੈਣ ਵੀ ਅਜ ਤੇਰੇ ਜਿਤਨੀ ਹੁੰਦੀ।' ਉਹ ਠੰਡਾ ਹਉਕਾ ਭਰ ਕੇ ਬੋਲਿਆ।

'ਤਾਂ ਕੀ ਮੈਂ ਤੁਹਾਡੀ ਭੈਣ ਨਹੀਂ... ?'

'ਉਹ...ਮੇਰਾ ਮਤਲਕ ਹੈ ਕਿ......।'

'ਮੈਂ ਸਭ ਜਾਣਦੀ ਹਾਂ। ਤੁਸੀ ਮੈਨੂੰ ਹਾਲਾਂ ਤਕ ਪਰਾਈ ਸਮਝਦੇ ਹੋ।

ਚੰਦਰ ਫਿਰ ਸਿਸਕਣ ਲਗ ਪਿਆ।

'ਬਸ ਨਰਾਜ਼ ਹੋ ਗਿਆ ਨਾ ਮੇਰਾ ਵੀਰ।' ਕਿਰਨ ਸ਼ਰਾਰਤ ਭਰੀਆਂ ਨਜ਼ਰਾਂ ਨਾਲ ਵੇਖਦੀ ਹੋਈ ਬੋਲੀ।

'ਮੈਂ ਤਾਂ ਮਜ਼ਾਕ ਕਰ ਰਹੀ ਸਾਂ।'

'ਮੈਨੂੰ ਛੇੜਨ ਵਿਚ ਤੈਨੂੰ ਸਵਾਦ ਆਉਂਦਾ ਹੈ ਸ਼ੁਦੈਣੇ।' ਚੰਦਰ ਨੇ ਨੇ ਉਹਨੂੰ ਵਾਲਾਂ ਤੋਂ ਖਿਚਿਆ।

'ਉਹ...ਮਰ ਗਈ, ਛਡ ਦਿਓ।' ਕਿਰਨ ਚੀਖਦੀ ਹੋਈ ਬੋਲੀ।

'ਵਹਿਦਾ ਕਰ ਅਗੋਂ ਨਹੀਂ ਛੇੜੇਂਗੀ।'

'ਚੰਗਾ ਬਾਬਾ ਵਾਇਦਾ ਕਰਦੀ ਹਾਂ।' ਉਹ ਚੀਕਦੀ ਹੋਈ ਬੋਲੀ।

ਚੰਦਰ ਨੇ ਉਹਨੂੰ ਛਡ ਦਿਤਾ। ਕਿਰਨ ਦੀਆਂ ਅਖਾਂ ਵਿਚ ਪੀੜ ਤੇ ਪਿਆਰ ਦੇ ਮਿਲੇ ਜੁਲੇ ਹੰਝੂ ਸਨ।

● ● ●

ਅਜ ਦੀ ਰਾਤ ਬੜੀ ਸੁਹਾਵਣੀ ਸੀ। ਅਕਾਸ਼ ਤੇ ਤਾਰੇ ਚਮਕ ਰਹੇ ਸਨ ਤੇ ਚਾਰੇ ਪਾਸੇ ਚੰਨ ਦੀ ਚਾਨਣੀ ਫੈਲ਼ੀ ਹੋਈ ਸੀ। ਚੰਦਰ ਹਲਕੇ ਹਲਕੇ ਕਦਮ ਪੁਟਦਾ ਸੜਕ ਤੇ ਤੁਰਦਾ ਜਾ ਰਿਹਾ ਸੀ। ਸਮਾਂ ਰਾਤ ਦੇ ਨੌਂ ਵਜੇ ਦਾ ਸੀ ਪਰ ਸਰਦੀ ਦੇ ਕਾਰਣ ਸੜਕ ਤੇ ਬਹੁਤੀ ਚਹਿਲ ਪਹਿਲ ਨਹੀਂ ਸੀ। ਅਚਾਨਕ ਉਸਦੀ ਨਜ਼ਰ ਇਕ ਕੋਠੀ ਤੇ ਪਈ। ਉਹ ਕਾਹਲੀ ਨਾਲ ਉਧਰ ਹੀ ਦੌੜ ਪਿਆ ਕਿਉਂਕਿ ਉਸ ਕੋਠੀ ਨੂੰ ਬੜੀ ਭਿਆਨਕ ਅਗ ਲਗੀ ਹੋਈ ਸੀ। ਸ਼ੋਹਲੇ ਅਕਾਸ਼ ਨਾਲ ਗਲਾਂ ਕਰ ਰਹੇ ਸਨ। ਹਵਾ ਤੇਜ਼ ਸੀ ਇਸ ਲਈ ਵੇਖਦਿਆਂ ਹੀ ਵੇਖਦਿਆਂ ਸਾਰੀ ਕੋਠੀ ਉਸਦੀ ਲਪੇਟ ਵਿਚ ਆ ਗਈ। ਬਾਹਰ ਲੋਕਾਂ ਦੀ ਭੀੜ ਪਈ ਹੋਈ ਸੀ।

'ਮੈਂ ਬਰਬਾਦ ਹੋ ਗਿਆ। ਮੈਂ ਤਬਾਹ ਹੋ ਗਿਆ। ਮੇਰੀ ਲੜਕੀ ਅੰਦਰ ਹੀ ਸੁਤੀ ਪਈ ਹੈ।' ਕੋਈ ਉਚੀ ਉਚੀ ਰੋ ਰਿਹਾ ਸੀ। ਉਹ ਘੜੀ ਘੜੀ ਸੜਦੀ ਹੋਈ ਕੋਠੀ ਵਲ ਜਾਣ ਲਈ ਦੌੜਦਾ ਪਰ ਲੋਕੀ ਉਹਨੂੰ ਫੜ ਲੈਂਦੇ।

'ਜਿਹੜਾ ਮੇਰੀ ਲੜਕੀ ਨੂੰ ਬਚਾਏਗਾ ਉਸਨੂੰ ਮੂੰਹ ਮੰਗਿਆ ਇਨਾਮ ਦੇਵਾਂਗਾ... ।' ਉਹ ਰੋ ਰੋ ਕੇ ਕਹਿ ਰਿਹਾ ਸੀ। ਪੈਸੇ ਦਾ ਲਾਲਚ ਕਿਸ ਨੂੰ ਨਹੀਂ ਹੁੰਦਾ ਪਰਸਾਮੁਣੇ ਅੱਗ ਵਿਚ ਕੁਦਣ ਲਈ ਵੀ ਕੋਈ ਤਿਆਰ ਨਹੀਂ ਸੀ।

'ਮੈਂ ਉਹਨੂੰ ਬਚਾ ਲਿਆਵਾਂਗਾ।' ਚੰਦਰ ਦੀ ਇਹ ਗਲ ਸੁਣ ਕੇ ਸਭ ਚੌਂਕ ਪਏ। ਇਸ ਤੋਂ ਪਹਿਲਾਂ ਕਿ ਕੋਈ ਕੁਝ ਆਖੇ ਲੋਕਾਂ ਨੇ ਉਸਦੇ ਦੌੜਦੇ ਹੋਏ ਕਦਮਾਂ ਦੀ ਆਵਾਜ਼ ਸੁਣੀ। ਪਰ ਉਹ ਪੰਜ ਕਦਮ ਹੀ ਦੌੜਿਆ ਹੋਵੇਗਾ ਕਿ ਵਾਪਸ ਮੁੜ ਆਇਆ ਕਿਉਂਕਿ ਅਗ ਦਾ ਸੇਕ ਇਤਨਾ ਤੇਜ਼ ਸੀ ਕਿ ਅਗੇ ਜਾਣਾ ਮੌਤ ਨੂੰ ਬੁਲਾਣਾ ਸੀ ਪਰ ਇਹ ਉਹ ਇਨਸਾਨ ਸੀ ਜੋ ਕਿਹਾ ਕਰਦਾ ਸੀ 'ਜੋ ਮੁਸੀਬਤ ਵੇਲੇ ਦਿਲ ਛਡ ਜਾਂਦੇ ਹਨ ਉਹਨਾਂ ਦਾ ਨਾਂ ਚੰਦਰ ਨਹੀਂ ਹੁੰਦਾ।'

ਅਚਾਨਕ ਉਹਨੂੰ ਇਕ ਤਰਕੀਬ ਸੁਝੀ। ਉਹ ਦੌੜਦਾ ਹੋਇਆ ਕੋਠੀ ਦੇ ਪਿਛੇ ਚਲਾ ਗਿਆ। ਇਧਰ ਹਾਲਾਂ ਤਕ ਅਗ ਨਹੀਂ ਸੀ ਫੈਲੀ। ਹਾਂ ਧੂਆਂ ਜ਼ਰੂਰ ਨਿਕਲ ਰਿਹਾ ਸੀ। ਚੰਦਰ ਨੇ ਦੀਵਾਰ ਪਾਰ ਕੀਤੀ ਤੇ ਅੰਦਰ ਦੌੜ ਗਿਆ। ਹੁਣ ਲੋਕੀ ਵੀ ਪਿਛਲੇ ਪਾਸੇ ਆ ਗਏ ਸਨ। ਸਭ ਦਾ ਦਿਲ ਧਕ ੨ ਕਰ ਰਿਹਾ ਸੀ। ਇਕ ਮਿੰਟ—ਦੋ ਮਿਟ—ਪੰਜ ਮਿੰਟ ਪਰ ਉਹ ਵਾਪਸ ਨਾ ਆਇਆ। ਸਭ ਨੂੰ ਯਕੀਨ ਹੋ ਗਿਆ ਕਿ ਹੁਣ ਉਹਦਾ ਵਾਪਸ ਆਉਣਾ ਮੁਸ਼ਕਲ ਹੈ ਪਰ ਉਹਨਾਂ ਨੂੰ ਹਨੇਰੇ ਵਿਚ ਕਿਸੇ ਦੇ ਖੰਘਣ ਦੀ ਆਵਾਜ਼ ਆਈ। ਇਸ ਤੋਂ ਪਹਿਲਾਂ ਕਿ ਉਹ ਕੋਈ ਰਾਏ ਕਾਇਮ ਕਰ ਸਕਦੇ, ਚੰਦਰ ਇਕ ਲੜਕੀ ਨੂੰ ਮੋਢਿਆਂ ਤੇ ਚੁਕ ਕੇ ਲੈ ਆਇਆ।

'ਮੇਰੀ ਬਚੀ... ।' ਕਹਿੰਦਿਆਂ ਉਹਦਾ ਪਿਤਾ ਚੰਦਰ ਵਲ ਦੌੜ ਪਿਆ।

ਲੜਕੀ ਦੀ ਉਮਰ ਸੋਲ੍ਹਾਂ ਸਤਾਰਾਂ ਸਾਲ ਦੀ ਹੋਵੇਗੀ। ਉਹ ਅਗ ਦੀ ਲਪੇਟ ਵਿਚ ਤਾਂ ਨਹੀਂ ਆਈ ਸੀ ਪਰ ਧੂਏਂ ਦੇ ਕਾਰਣ ਬੇਹੋਸ਼ ਹੋ

ਚੁਕੀ ਸੀ।

'ਮੈਂ ਕਿਹਨਾਂ ਲਫਜ਼ਾਂ ਨਾਲ ਤੁਹਾਡਾ ਧੰਨਵਾਦ ਕਰਾਂ।' ਲੜਕੀ ਦੇ ਪਿਤਾ ਨੇ ਚੰਦਰ ਨੂੰ ਕਿਹਾ ਤੇ ਜੇਬ ਚੋਂ ਨੋਟਾਂ ਦਾ ਇਕ ਬੰਡਲ ਕਢ ਕੇ ਚੰਦਰ ਨੂੰ ਦੇਂਦਿਆਂ ਬੋਲਿਆ, 'ਇਹ ਮੇਰੇ ਵਲੋਂ ਕਬੂਲ ਕਰੋ।'

ਚੰਦਰ ਨੇ ਨੋਟ ਫੜ ਲਏ ਤੇ ਉਹਦੀਆਂ ਅਖਾਂ ਵਿਚ ਵੇਖਦਿਆਂ ਬੋਲਿਆ, 'ਕੀ ਇਕ ਇਨਸਾਨ ਦੀ ਜ਼ਿੰਦਗੀ ਇਹ ਕਾਗਜ਼ ਦੇ ਟੁਕੜੇ ਹਨ? ਮੈਂ ਤਾਂ ਇਨਸਾਨੀ ਫਰਜ਼ ਸਮਝ ਕੇ ਤੁਹਾਡੀ ਲੜਕੀ ਦੀ ਜਾਨ ਬਚਾਈ ਹੈ। ਅਗੋਂ ਕਿਸੇ ਨੂੰ ਇਸ ਤਰ੍ਹਾਂ ਪੈਸੇ ਨਾ ਦੇਣਾ ਵਰਨਾ ਇਨਸਾ-ਨੀਅਤ ਬਦਨਾਮ ਹੋ ਜਾਏਗੀ... ।' ਕਹਿੰਦਾ ਹੋਇਆ ਚੰਦਰ ਵਾਪਸ ਮੁੜ ਪਿਆ।

'ਜ਼ਰਾ ਸੁਣੋ ਤਾਂ ਸਹੀ... ।

ਚੰਦਰ ਰੁਕ ਗਿਆ। ਉਹਨੇ ਨੇੜੇ ਹੋ ਕੇ ਚੰਦਰ ਦੇ ਮੋਢੇ ਤੇ ਹਥ ਰਖ ਦਿਤਾ ਤੇ ਆਪਣਾ ਪਤਾ ਦਸਦਾ ਹੋਇਆ ਬੋਲਿਆ 'ਕਲ ਮੇਰੇ ਦਫਤਰ ਜ਼ਰੂਰ ਆਉਣਾ।'

ਚੰਦਰ ਨੇ ਕੋਈ ਜਵਾਬ ਨਾ ਦਿਤਾ। ਜਦ ਉਹ ਘਰ ਪਹੁੰਚਿਆ ਤਾਂ ਰਾਤ ਦੇ ਯਾਰਾਂ ਵਜ ਚੁਕੇ ਸਨ। ਕਿਰਨ ਉਹਦੇ ਇੰਤਜ਼ਾਰ ਵਿਚ ਜਾਗ ਰਹੀ ਸੀ।

'ਮਾਫ ਕਰੀਂ ਕਿਰਨ।' ਚੰਦਰ ਅਗੇ ਵਧਦਿਆਂ ਬੋਲਿਆ, 'ਕੁਝ ਦੇਰ ਹੋ ਗਈ।'

'ਵੀਰ ਜੀ—ਕਿਰਨ ਦੀ ਅਜੀਬ ਜਿਹੀ ਆਵਾਜ਼ ਸੁਣ ਕੇ ਉਹ ਚੌਂਕ ਪਿਆ। ਉਹਨੇ ਮੁੜ ਕੇ ਕਿਰਨ ਵਲ ਵੇਖਿਆ। ਉਹ ਹੋਲੀ ਹੋਲੀ ਅਗੇ ਵਧਦੀ ਆ ਰਹੀ ਸੀ। ਉਹ ਚੰਦਰ ਦੀਆਂ ਅਖਾਂ ਵਿਚ ਵੇਖਦੀ ਹੋਈ ਬੋਲੀ, 'ਕੀ ਇਹ ਸਭ ਸਚ ਹੈ?'

'ਕੀ ?' ਚੰਦਰ ਚੌਂਕ ਕੇ ਬੋਲਿਆ।

'ਕਿ ਤੁਸੀ ਚੋਰ ਹੋ, ਡਾਕੂ ਹੋ। ਸਾਰੀ ਦੌਲਤ ਤੁਸੀ ਲੋਕਾਂ ਨੂੰ ਲੁਟ ਕੇ ਇਕੱਠੀ ਕੀਤੀ ਹੈ।'

ਚੰਦਰ ਚੁਪ...।

'ਜਵਾਬ ਕਿਉਂ ਨਹੀਂ ਦੇਂਦੇ ?' ਉਹ ਤੇਜ਼ ਆਵਾਜ਼ ਵਿਚ ਬੋਲੀ।

'ਪਰ...... ਤੈਨੂੰ ਕਿਸ ਤਰ੍ਹਾਂ ਪਤਾ ਚਲਿਆ......?'

'ਕੀ ਇਹ ਡਾਇਰੀ ਤੁਹਾਡੀ ਨਹੀਂ ?' ਕਿਰਨ ਨੇ ਉਹਦੀ ਡਾਇਰੀ ਮੇਜ਼ ਤੇ ਸੁਟਦਿਆਂ ਕਿਹਾ।

ਚੰਦਰ ਨੇ ਕਿਰਨ ਵਲ ਵੇਖਿਆ। ਉਹ ਦੀਵਾਰ ਦਾ ਸਹਾਰਾ ਲੈ ਕੇ ਖੜੀ ਸੀ। ਚੰਦਰ ਦੀ ਹਾਲਤ ਇਸ ਤਰ੍ਹਾਂ ਸੀ ਜਿਸ ਤਰ੍ਹਾਂ ਚੋਰੀ ਕਰਦਿਆਂ ਮੌਕੇ ਤੇ ਫੜਿਆ ਗਿਆ ਹੋਵੇ ਤੇ ਲੋਕਾਂ ਦੇ ਰਹਿਮ ਤੇ ਹੋਵੇ।

'ਮੇਰੀ ਸਮਝ ਵਿਚ ਨਹੀਂ ਆਉਂਦਾ ਕਿਸਮਤ ਮੇਰੇ ਨਾਲ ਮਜ਼ਾਕ ਕਿਉਂ ਕਰ ਰਹੀ ਹੈ। ਮਤਲਬ ਦੀ ਭਰੀ ਇਸ ਦੁਨੀਆਂ ਵਿਚ ਇਕ ਵੀਰ ਬਣਾਇਆ ਸੀ ਉਹ ਵੀ ਚੋਰ ਤੇ ਡਾਕੂ ਨਿਕਲਿਆ। ਕਲ ਮੈਂ ਸਮਾਜ ਵਿਚ ਤੁਰਾਂਗੀ ਤਾਂ ਤੁਸੀ ਬਰਦਾਸ਼ਤ ਕਰ ਸਕੋਗ ਕਿ ਲੋਕੀ ਮੈਨੂੰ ਇਕ ਚੋਰ ਦੀ ਭੈਣ ਕਹਿਣ ?'

ਕਿਰਨ ਨੇ ਚੰਦਰ ਵਲ ਵੇਖਿਆ। ਉਹ ਚੁਪਚਾਪ ਖੜਾ ਸੀ। ਉਹ ਠੰਡਾ ਹਉਕਾ ਭਰਦੀ ਹੋਈ ਬੋਲੀ, 'ਰੋਵਾਂ ਵੀ ਤਾਂ ਕਿਸ ਤਰ੍ਹਾਂ, ਕਿਸਮਤ ਇਤਨਾ ਰੁਆ ਚੁਕੀ ਹੈ ਕਿ ਹੰਝੂ ਵੀ ਮੁਕ ਗਏ ਹਨ।'

'ਕਰਨ !' ਚੰਦਰ ਉਹਦੇ ਕੋਲ ਆ ਕੇ ਖੜਾ ਹੋ ਗਿਆ। ਕਿਰਨ ਨੇ ਉਹਦੇ ਵਲ ਕੋਈ ਧਿਆਨ ਨ ਦਿਤਾ। ਕਮਰੇ ਵਿਚ ਕੇਵਲ ਉਹਦੀਆਂ ਹਿਚਕੀਆਂ ਦੀ ਆਵਾਜ਼ ਆ ਰਹੀ ਸੀ।

'ਮੈਂ ਵਾਹਿਦਾ ਕਰਦਾ ਹਾਂ ਕਿਰਨ ਕਿ ਅਗੋਂ ਤੋਂ ਕੋਈ ਬੁਰਾ ਕੰਮ

ਨਹੀਂ ਕਰਾਂਗਾ। ਮੇਹਨਤ ਮਜ਼ਦੂਰੀ ਕਰਾਂਗਾ।

ਚੰਦਰ ਨੇ ਉਹਨੂੰ ਸਹਾਰਾ ਦੇ ਕੇ ਲਿਟਾ ਦਿਤਾ ਤੇ ਬੜੀ ਬੇਚੈਨੀ ਨਾਲ ਕਮਰੇ ਵਿਚ ਟਹਿਲਣ ਲਗ ਪਿਆ। ਨੀਂਦ ਉਹਦੀਆਂ ਅਖਾਂ ਤੋਂ ਮੀਲਾ ਦੂਰ ਸੀ। ਉਹ ਸੋਚੀ ਜਾ ਰਿਹਾ ਸੀ ਇਸ ਕਿਰਨ ਨਾਲ ਉਸਦਾ ਕੋਈ ਸਬੰਧ ਨਹੀਂ ਪਰ ਫਿਰ ਵੀ ਉਹਦੀਆਂ ਅਖਾਂ ਵਿਚ ਹੰਝੂ ਨਹੀਂ ਵੇਖ ਸਕਦਾ।

ਦੂਰ ਕਿਸੇ ਘੜੀ ਦੀ ਟਨਟਨ ਨੇ ਪੰਜ ਵਜਣ ਦੀ ਸੂਚਨਾ ਦਿਤੀ। ਚੰਦਰ ਚੌਂਕ ਪਿਆ ਅਤੇ ਆਰਾਮ ਕੁਰਸੀ ਤੇ ਬਹਿ ਗਿਆ ਤੇ ਪਤਾ ਨਹੀਂ ਕਦੋਂ ਉਹਦੀ ਅਖ ਲਗ ਗਈ।

ਅਚਾਨਕ ਉਹਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਸ ਤਰ੍ਹਾਂ ਕੋਈ ਜਗਾ ਰਿਹਾ ਹੋਵੇ। ਉਹਨੇ ਅਖਾਂ ਖੋਲ੍ਹ ਦਿਤੀਆਂ। ਸਾਮ੍ਹਣੇ ਕਿਰਨ ਚਾਹ ਦਾ ਕਪ ਲਈ ਖੜੀ ਸੀ। ਚੰਦਰ ਨੇ ਉਹਦੇ ਚੇਹਰੇ ਵਲ ਵੇਖਿਆ। ਕਿਰਨ ਦੀਆਂ ਅਖਾਂ ਗਵਾਹੀ ਦੇ ਰਹੀਆਂ ਸਨ ਕਿ ਸਾਰੀ ਰਾਤ ਉਹਨੂੰ ਨੀਂਦ ਨਹੀਂ ਆਈ। ਚੰਦਰ ਨੇ ਚਾਹ ਦਾ ਕੱਪ ਫੜ ਲਿਆ ਤੇ ਕਿਰਨ ਉਹਦੇ ਕੋਲ ਬਹਿ ਗਈ।

ਇਨਸਾਨ ਜੋ ਕੁਝ ਸੋਚਦਾ ਹੈ ਜੇ ਉਹਦੀ ਪੂਰਤੀ ਹੋ ਜਾਏ ਤਾਂ ਕੁਦਰਤ ਨੂੰ ਕੌਣ ਮੰਨੇ? ਚੰਦਰ ਨੇ ਇਤਨਾ ਤਾਂ ਕਹਿ ਦਿਤਾ ਕਿ ਅਗੋਂ ਮੇਹਨਤ ਮਜ਼ਦੂਰੀ ਕਰ ਕੇ ਪੇਟ ਭਰੇਗਾ ਪਰ ਅਜ ਕਲ ਦੇ ਜ਼ਮਾਨੇ ਵਿਚ ਈਮਾਨਦਾਰੀ ਨਾਲ ਰੋਟੀ ਕਮਾਣੀ ਉਤਨੀ ਹੀ ਮੁਸ਼ਕਲ ਹੈ ਜਿਤਨਾ ਕਿ ਪਥਰ ਚੋਂ ਪਾਣੀ ਕਢਣਾ। ਉਹ ਭੁਖਾ ਰਹਿ ਜਾਏਗਾ ਪਰ ਅਗੋਂ ਤੋਂ ਬੁਰਾ ਕੰਮ ਨਹੀਂ ਕਰੇਗਾ। ਅਚਾਨਕ ਉਹਨੂੰ ਖਿਆਲ ਆਇਆ ਕਿ ਕਿਉਂ ਨਾ ਉਸ ਸੇਠ ਕੋਲੋਂ ਨੌਕਰੀ ਮੰਗੇ ਜਿਸਦੀ ਲੜਕੀ ਦੀ ਜਾਨ ਉਹਨੇ ਬਚਾਈ ਸੀ।

ਜਦ ਚੰਦਰ ਉਸਦੇ ਦਫਤਰ ਪਹੁੰਚਿਆ ਤਾਂ ਦਿਨ ਦੇ ਯਾਰਾਂ ਵਜ ਚੁਕੇ ਸਨ। ਚੰਦਰ ਨੇ ਉਸਨੂੰ ਆਪਣੇ ਆਣੇ ਦਾ ਕਾਰਣ ਦਸਿਆ ਤੇ ਉਮੀਦਾਂ ਦੀਆਂ ਨਜ਼ਰਾਂ ਨਾਲ ਵੇਖਣ ਲਗ ਪਿਆ।

'ਇਹ ਮੇਰੀ ਖੁਸ਼ਕਿਸਮਤੀ ਹੈ ਕਿ ਤੁਹਾਡੇ ਵਰਗਾ ਆਦਮੀ ਮੇਰੇ ਨਾਲ ਹੋਵੇਗਾ।' ਉਹਨੇ ਚੰਦਰ ਵਲ ਵੇਖਦਿਆਂ ਕਿਹਾ, 'ਮੇਰੀ ਉਮਰ ਵੀ ਹੁਣ ਇਜਾਜ਼ਤ ਨਹੀਂ ਦੇਂਦੀ ਕਿ ਜ਼ਿਆਦਾ ਕੰਮ ਕਰਾਂ। ਤੂੰ ਨਾਲ ਹੋਵੇਂਗਾ ਤਾਂ ਕੋਈ ਫਿਕਰ ਨਹੀਂ ਹੋਵੇਗਾ।'

'ਤੁਹਾਡੀ ਲੜਕੀ ਦਾ ਹੁਣ ਕੀ ਹਾਲ ਹੈ ?'

'ਉਹ– ਯਾਦ ਆਇਆ, ਉਹ ਬਿਲਕੁਲ ਠੀਕ ਹੈ। ਜਦ ਮੈਂ ਉਹਨੂੰ ਦਸਿਆ ਕਿ ਕਿਸ ਤਰ੍ਹਾਂ ਇਕ ਨੌਜਵਾਨ ਨੇ ਤੇਰੀ ਜਾਨ ਬਚਾਈ ਤਾਂ ਉਸਨੇ ਤੈਨੂੰ ਮਿਲਣ ਲਈ ਕਿਹਾ ਸੀ। ਕੰਮ ਤਾਂ ਫੇਰ ਹੁੰਦਾ ਰਹੇਗਾ ਚਲ ਮਿਲਾ ਦਿਆਂ।'

'ਪਰ ਤੁਹਾਡੀ ਕੋਠੀ ਤਾਂ...... ।'

ਮੇਰੇ ਤੇ ਭਗਵਾਨ ਦੀ ਬੜੀ ਕਿਰਪਾ ਹੈ। ਮੈਂ ਦੂਜੀ ਕੋਠੀ ਵਿਚ ਚਲਾ ਗਿਆ ਹਾਂ।'

ਗਲਾਂ ਕਰਦਿਆਂ ੨ ਦੋਵੇਂ ਕਾਰ ਵਿਚ ਬੈਠ ਗਏ। ਚੰਦਰ ਨੇ ਇਸ ਆਦਮੀ ਨੂੰ ਵੇਖਿਆ ਤਾਂ ਅਗ ਵਾਲੀ ਘਟਨਾ ਵਾਲੇ ਦਿਨ ਹੀ ਸੀ ਪਰ ਨਾਂ ਸੁਣਿਆ ਹੋਇਆ ਸੀ। ਕਾਰ ਲਗਭਗ ਦਸ ਮਿੰਟ ਸੜਕਾਂ ਤੇ ਦੌੜਦੀ ਰਹੀ ਤੇ ਫਿਰ ਇਕ ਆਲੀਸ਼ਾਨ ਕੋਠੀ ਵਿਚ ਪੁਜੀ।

'ਤੁਸੀ ਬੈਠੋ ਮੈਂ ਹੁਣੇ ਰਜਨੀ ਨੂੰ ਬੁਲਾਂਦਾ ਹਾਂ'

ਉਹਨੇ ਚੰਦਰ ਨੂੰ ਇਕ ਡਰਾਇੰਗ ਰੂਮ ਬਿਠਾਇਆ ਤੇ ਆਪ ਅੰਦਰ ਚਲਾ ਗਿਆ। ਚੰਦਰ ਨੇ ਚਾਰੇ ਪਾਸੇ ਨਜ਼ਰ ਮਾਰੀ। ਜਿਤਨੀਆਂ ਚੀਜ਼ਾਂ ਸਨ ਸਭ ਕੀਮਤੀ ਤੇ ਹਲਕੇ ਰੰਗ ਦੀਆਂ ਸਨ। ਫਰਸ਼ ਤੇ ਕੀਮਤੀ

ਕਾਲੀਨ ਵਿਛਿਆ ਹੋਇਆ ਸੀ। ਦੀਵਾਰਾਂ ਤੇ ਤਿੰਨ ਚਾਰ ਤਸਵੀਰਾਂ ਸਨ ਜੋ ਸੀਨਰੀਆਂ ਸਨ। ਅਚਾਨਕ ਸਾਮ੍ਹਣੇ ਦਰਵਾਜ਼ੇ ਦਾ ਪਰਦਾ ਹਿਲਿਆ ਤੇ ਸੇਠ ਜੀ ਰਜਨੀ ਨਾਲ ਅੰਦਰ ਆਏ।

'ਇਹੋ ਉਹ ਨੌਜਵਾਨ ਹੈ ਜਿਸਨੇ ਆਪਣੀ ਜਾਨ ਤੇ ਖੇਡ ਕੇ ਤੈਨੂੰ ਅਗ ਤੋਂ ਬਚਾਇਆ ਸੀ।' ਉਹਨਾਂ ਚੰਦਰ ਵਲ ਇਸ਼ਾਰਾ ਕਰਦਿਆਂ ਕਿਹਾ। ਆਪਣੇ ਆਪ ਰਜਨੀ ਦੇ ਦੋਵੇਂ ਹਥ ਜੁੜ ਗਏ।

'ਤੁਸੀ ਬੈਠੋ ਤੇ ਮੈਂ ਹੁਣੇ ਆਉਂਦਾ ਹਾਂ।' ਕਹਿੰਦਿਆਂ ਸੇਠ ਜੀ ਕਾਹਲੀ ਨਾਲ ਕਮਰ ਚੋਂ ਬਾਹਰ ਨਿਕਲ ਗਏ।

'ਜੇ ਤੁਸੀ ਮੈਨੂੰ ਉਸ ਵੇਲੇ ਨਾ ਬਚਾਂਦੇ ਤਾਂ ਸ਼ਾਇਦ ਅਜ ਤੁਹਾਡੇ ਨਾਲ ਬੈਠੀ ਗਲਾਂ ਨਾ ਕਰਦੀ ਹੁੰਦੀ।' ਰਜਨੀ ਦੀ ਆਵਾਜ਼ ਨੇ ਕਮਰੇ ਦੀ ਸ਼ਾਂਤੀ ਭੰਗ ਕੀਤੀ।

'ਤੁਸੀ ਸੁਣਿਆ ਨਹੀਂ ਮਾਰਨ ਵਾਲੇ ਤੋਂ ਬਚਾਣ ਵਾਲਾ ਜ਼ਿਆਦਾ ਬਲਵਾਨ ਹੁੰਦਾ ਹੈ।' ਚੰਦਰ ਨੇ ਉਹਦੇ ਵਲ ਵੇਖਿਆ ਤਾਂ ਵੇਖਦਾ ਹੀ ਰਹਿ ਗਿਆ। ਚੌਧਵੀਂ ਦੇ ਚੰਨ ਵਰਗਾ ਮੁਖੜਾ, ਮੋਟੀਆਂ ਮੋਟੀਆਂ ਸ਼ਰਬਤੀ ਅਖਾਂ। ਚੰਦਰ ਨੂੰ ਸਭ ਤੋਂ ਜ਼ਿਆਦਾ ਉਹਦੀ ਇਹ ਗਲ ਚੰਗੀ ਲਗੀ ਕਿ ਹਸਦਿਆਂ ਉਹੀਆਂ ਗਲ੍ਹਾਂ ਵਿਚ ਟੋਏ ਪੈ ਜਾਂਦੇ ਸਨ। ਅਚਾਨਕ ਚੰਦਰ ਦੂਜੇ ਪਾਸੇ ਵਲ ਵੇਖਣ ਲਗ ਪਿਆ ਕਿਉਂਕਿ ਉਹਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਸ ਤਰ੍ਹਾਂ ਕਮਰੇ ਵਿਚ ਉਹਨਾਂ ਤੋਂ ਇਲਾਵਾ ਵੀ ਕੋਈ ਹੋਵੇ। ਉਹਨੇ ਆਉਣ ਵਾਲੇ ਨੂੰ ਵੇਖਿਆ। ਇਹ ਇਕ ਵੀਹ ਪੰਝੀ ਸਾਲ ਦੀ ਔਰਤ ਸੀ। ਚੰਦਰ ਖੜਾ ਹੋ ਗਿਆ।

'ਤੁਸੀ ਖੜੇ ਕਿਉਂ ਹੋ ਗਏ। ਬੈਠੋ ਰਜਨੀ ਨਾਲ ਗਲਾਂ ਕਰੋ, ਮੈਂ ਚਾਹ ਭੇਜਦੀ ਹਾਂ।' ਕਹਿੰਦਿਆਂ ਉਹ ਕਮਰੇ ਚੋਂ ਬਾਹਰ ਚਲੀ ਗਈ।

ਚੰਦਰ ਉਸ ਇਸਤ੍ਰੀ ਬਾਰੇ ਸੋਚਣ ਲਗ ਪਿਆ, ਉਹ ਕੌਣ ਹੋ ਸਕਦੀ ਹੈ। ਸੇਠ ਜੀ ਤਾਂ ਕਿਹਾ ਸੀ ਕਿ ਉਹਨਾਂ ਦੀ ਇਕ ਹੀ ਲੜਕੀ ਹੈ। ਤਾਂ ਕੀ ਉਹਨਾਂ ਦੀ ਪਤਨੀ ਹੈ ? ਪਰ ਸੇਠ ਜੀ ਦੀ ਉਮਰ ਤਾਂ ਪੰਜਾਹ ਸਠ ਸਾਲ ਦੀ ਹੈ। ਇਹ ਪੰਝੀ ਸਾਲ ਦੀ ਔਰਤ ਉਹਨਾਂ ਦੀ ਪਤਨੀ ਕਿਸ ਤਰ੍ਹਾਂ ਹੋ ਸਕਦੀ ਹੈ। ਅਚਾਨਕ ਉਹਨੇ ਰਜਨੀ ਨੂੰ ਪੁਛਿਆ, 'ਇਹ ਕੌਣ ਸਨ।

ਰਜਨੀ ਨੇ ਸਿਰ ਚੁਕ ਕੇ ਉਸ ਵਲ ਵੇਖਿਆ ਤੇ ਕੁਰਸੀ ਤੇ ਪਹਿਲੂ ਬਦਲਦੀ ਹੋਈ ਬੋਲੀ, 'ਆਦਮੀ ਦੀ ਆਦਤ ਕਦੀ ਨਹੀਂ ਬਦਲਦੀ। ਹੁਣ ਮੇਰੇ ਵਲ ਵੇਖੋ, ਮੇਰੇ ਦਿਲ ਵਿਚ ਜੋ ਗਲ ਹੁੰਦੀ ਹੈ ਜਦ ਤਕ ਕਿਸੇ ਦੂਜੇ ਨੂੰ ਦਸ ਨਾ ਦੇਵਾਂ ਚੈਨ ਨਹੀਂ ਆਉਂਦਾ ਪਰ ਇਸ ਘਰ ਦੀ ਚਾਰ-ਦੀਵਾਰੀ ਨਾਲ ਤਾਂ ਗਲਾਂ ਨਹੀਂ ਕਰ ਸਕਦੀ। ਮੈਂ ਤਾਂ ਇਕ ਖੁਲ੍ਹੀ ਹੋਈ ਕਿਤਾਬ ਹਾਂ ਜਿਸਨੂੰ ਹਰ ਕੋਈ ਪੜ੍ਹ ਸਕਦਾ ਹੈ। ਉਹ—ਮਾਫ ਕਰਨਾ, ਤੁਸੀ ਪੁਛਿਆ ਕੁਝ ਤੇ ਮੈਂ ਜਵਾਬ ਹੋਰ ਹੀ ਦੇਣ ਲਗ ਪਈ। ਜਿਹਨਾਂ ਦੇ ਬਾਰੇ ਤੁਸੀ ਪੁਛਿਆ ਸੀ ਉਹ ਮੇਰੀ ਮਾਂ ਹੈ।

'ਮਾਂ ?' ਚੰਦਰ ਚੌਂਕ ਕੇ ਬੋਲਿਆ 'ਪਰ...।'

'ਤੁਸੀ ਚੌਂਕ ਕਿਉਂ ਪਏ। ਇਸ ਲਈ ਕਿ ਮੇਰੇ ਮਾਤਾ ਪਿਤਾ ਦੀ ਉਮਰ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਇਕ ਚੜ੍ਹਦਾ ਹੋਇਆ ਚੰਨ ਹੈ ਤੇ ਦੂਜਾ ਢਲਦਾ ਹੋਇਆ ਸੂਰਜ...। ਤੁਹਾਨੂੰ ਮੈਂ ਪੂਰੀ ਕਹਾਣੀ ਸੁਣਾਂਦੀ ਹਾਂ।'

'ਇਹ ਮੇਰੀ ਸਕੀ ਮਾਂ ਨਹੀਂ। ਮੇਰੀ ਮਾਂ ਤਾਂ ਮੈਨੂੰ ਉਸ ਵੇਲੇ ਛਡ ਕੇ ਮਰ ਗਈ ਸੀ ਜਦ ਮੈਂ ਅਠ ਸਾਲ ਦੀ ਸਾਂ। ਪਿਤਾ ਜੀ ਨੇ ਹੀ ਮੈਨੂੰ ਮਾਂ ਦੀ ਮਮਤਾ ਦੇ ਕੇ ਪਾਲਿਆ ਪਰ ਕੁਝ ਦਿਨ ਬਾਦ ਹੀ ਉਹਨਾਂ ਦੂਜਾ ਵਿਆਹ ਕਰ ਲਿਆ। — —

ਅਜ ਦਾ ਦਿਨ ਚੰਦਰ ਲਈ ਬੜੀ ਉਦਾਸੀ ਲੈ ਕੇ ਆਇਆ ਕਿਉਂਕਿ ਰਜਨੀ ਤੇ ਉਸਦੇ ਪਿਤਾ ਨੇ ਕਿਸੇ ਰਿਸ਼ਤੇਦਾਰ ਦੇ ਵਿਆਹ ਤੇ ਜਾਣਾ ਸੀ। ਜਦ ਦੋ ਦਿਲ ਮਿਲਦੇ ਹਨ ਤਾਂ ਪਿਆਰ ਦਾ ਬੀਜ ਪਨਪਦਾ ਹੈ। ਇਹੋ ਹਾਲ ਚੰਦਰ ਤੇ ਰਜਨੀ ਨਾਲ ਹੋਇਆ। ਦੋਵੇਂ ਇਕ ਦੂਜੇ ਨਾਲ ਪਿਆਰ ਕਰਨ ਲਗ ਪਏ ਸਨ। ਭਾਵੇਂ ਰਜਨੀ ਪੰਜ ਚਾਰ ਦਿਨ ਲਈ ਹੀ ਜਾ ਰਹੀ ਸੀ ਪਰ ਚੰਦਰ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਦਿਨ ਇਕਲਿਆਂ ਕਿਸ ਤਰ੍ਹਾਂ ਬਿਤਾਏਗਾ। ਸਾਮਾਨ ਕਾਰ ਤੇ ਲਦਿਆ ਜਾ ਚੁਕਾ ਸੀ। ਵੇਖਦਿਆਂ ਹੀ ਵੇਖਦਿਆਂ ਕਾਰ ਅਖੋਂ ਓਝਲ ਹੋ ਗਈ।

ਚੰਦਰ ਨੂੰ ਇਸ ਤਰ੍ਹਾਂ ਅਨੁਭਵ ਹੋਇਆ ਜਿਸ ਤਰ੍ਹਾਂ ਕੋਈ ਉਹਦੇ ਪਿਛੇ ਖੜ੍ਹਾ ਹੋਵੇ। ਉਹਨੇ ਮੁੜ ਕੇ ਵੇਖਿਆ, ਇਹ ਮਾਇਆ ਦੇਵੀ, ਸੇਠ ਜੀ ਦੀ ਪਤਨੀ ਸੀ।

'ਉਹ–ਰਾਤ ਦੇ ਅਠ ਵਜ ਗਏ ਹਨ। ਚੰਗਾ ਹੁਣ ਮੈਂ ਜਾਂਦਾ ਹਾਂ।' ਚੰਦਰ ਨੇ ਮਾਇਆ ਦੇਵੀ ਨੂੰ ਕਿਹਾ ਤੇ ਫਾਟਕ ਵਲ ਤੁਰ ਪਿਆ।

'ਚੰਦਰ!' ਮਾਇਆ ਦੇਵੀ ਦੀ ਆਵਾਜ਼ ਸੁਣਕੇ ਉਹ ਰੁਕ ਗਿਆ।

'ਤੁਹਾਨੂੰ ਤਕਲੀਫ ਤਾਂ ਹੋਏਗੀ, ਜੇ ਮੁਨਾਸਬ ਸਮਝੋ ਤਾਂ ਅਜ ਦੀ ਰਾਤ ਕੋਠੀ ਵਿਚ ਹੀ ਰਹਿ ਜਾਓ ਕਿਉਂਕਿ ਮੈਂ ਇਕੱਲੀ ਹਾਂ ਤੇ ਅਕਸਰ ਕਦੀ ਕਦੀ ਰਾਤ ਨੂੰ ਦਿਲ ਦਾ ਦੌਰਾ ਪੈ ਜਾਂਦਾ ਹੈ।'

'ਜਿਸ ਤਰ੍ਹਾਂ ਤੁਹਾਡੀ ਮਰਜ਼ੀ' ਚੰਦਰ ਨੇ ਕਿਹਾ ਤੇ ਵਾਪਸ ਮੁੜ ਆਇਆ।

– – –

ਸਮਾਂ ਰਾਤ ਦੇ ਬਾਰਾਂ ਵਜੇ ਦਾ ਸੀ ਪਰ ਅਕਾਸ਼ ਤੇ ਬਦਲ ਛਾਏ ਹੋਏ ਸਨ ਇਸ ਲਈ ਸਮੇਂ ਦਾ ਅਨੁਮਾਨ ਲਗਾਣਾ ਮੁਸ਼ਕਲ ਸੀ। ਚੰਦਰ

ਗਹਿਰੀ ਨੀਂਦ ਸੁਤਾ ਹੋਇਆ ਸੀ। ਅਚਾਨਕ ਉਸਦੀ ਅਖ ਖੁਲ੍ਹ ਗਈ। ਉਹਨੂੰ ਇਸ ਤਰ੍ਹਾਂ ਅਨੁਭਵ ਹੋਇਆ ਜਿਸ ਤਰ੍ਹਾਂ ਕੋਈ ਦਰਵਾਜ਼ਾ ਖਟਖਟਾ ਰਿਹਾ ਹੋਵੇ। ਉਹਨੇ ਦਰਵਾਜ਼ਾ ਖੋਲ੍ਹਿਆ ਤੇ ਹਨ੍ਹੇਰੇ ਵਿਚ ਘੂਰਦਾ ਹੋਇਆ ਬੋਲਿਆ, 'ਕੌਣ—ਮਾਲਕਨ...ਤੁਸੀ ਇਸ ਵੇਲੇ...ਖੈਰੀਅਤ ਤੇ ਹੈ ?'

'ਹਾਂ...ਚੰਦਰ...ਮੇਰੀ ਤਬੀਅਤ ਬਹੁਤ ਖਰਾਬ...ਹੈ।' ਉਹ ਅਗੇ ਪਿਛੇ ਝੂਲਦੀ ਹੋਈ ਬੋਲੀ।

ਚੰਦਰ ਨੇ ਉਹਨੂੰ ਸਹਾਰਾ ਦਿਤਾ ਤੇ ਪਲੰਗ ਤੇ ਲਿਟਾ ਦਿਤਾ। ਦੋ ਤਿੰਨ ਘੁਟ ਪਾਣੀ ਉਹਦੇ ਮੂੰਹ ਵਿਚ ਪਾਇਆ ਤੇ ਮਥੇ ਤੇ ਹਥ ਰਖਦਿਆਂ ਬੋਲਿਆ, 'ਹੁਣ ਤਬੀਅਤ ਕੈਸੀ ਹੈ ?'

ਹਾਂ...ਕੁਝ ਕੁਝ ਆਰਾਮ ਆ ਰਿਹਾ ਹੈ।' ਉਹਦਾ ਸਾਹ ਬੜੇ ਜ਼ੋਰ ਨਾਲ ਚਲ ਰਿਹਾ ਸੀ ਤੇ ਮੂੰਹ ਤੇ ਪਸੀਨੇ ਦੀਆਂ ਬੂੰਦਾਂ ਤੈਰ ਰਹੀਆਂ ਸਨ।

'ਚੰਦਰ !' ਉਹ ਹੌਲੀ ਜਿਹੀ ਬੁੜਬੁੜਾਈ।

'ਜੀ !'

'ਤੂੰ ਕਦੀ ਮਿਲ ਦੀ ਚਿਮਨੀ ਚੋਂ ਧੂਆਂ ਨਿਕਲਦਾ ਵੇਖਿਆ ਹੈ ?'

'ਜੀ ਹਾਂ।'

'ਪਰ ਤੂੰ ਇਨਸਾਨ ਦੇ ਦਿਲ ਦਾ ਧੂਆਂ ਕਦੀ ਨਹੀਂ ਵੇਖਿਆ।' ਉਹ ਇਤਨੇ ਜ਼ੋਰ ਨਾਲ ਬੋਲੀ ਕਿ ਚੰਦਰ ਦੋ ਕਦਮ ਪਿਛੇ ਵਲ ਹਟ ਗਿਆ। ਚੰਦਰ ਨੇ ਗੌਰ ਨਾਲ ਮਾਇਆ ਦੇਵੀ ਵਲ ਵੇਖਿਆ। ਉਹ ਹੌਲੀ ਹੌਲੀ ਉਠ ਰਹੀ ਸੀ। ਹਾਲਾਂ ਉਹ ਸੰਭਲ ਵੀ ਨਹੀਂ ਸੀ ਸਕਿਆ ਕਿ ਉਹ ਦੌੜ ਕੇ ਚੰਦਰ ਨਾਲ ਚੰਬੜ ਗਈ। ਉਹਨੇ ਚੰਦਰ ਨੂੰ ਆਪਣੀਆਂ ਬਾਹਵਾਂ ਵਿਚ ਕਸ ਲਿਆ।

'ਮਾਇਆ ਦੇਵੀ...।' ਚੰਦਰ ਨੇ ਉਹਨੂੰ ਆਪਣੇ ਤੋਂ ਅਲਗ ਕੀਤਾ

ਤੇ ਪਲੰਘ ਤੇ ਧੱਕਾ ਦੇ ਦਿਤਾ ।

ਮਾਇਆ ਦੇਵੀ ਦਾ ਗਾਊਨ ਅਸਤ ਵਿਅਸਤ ਹੋ ਗਿਆ । ਵਾਲ ਖੁਲ੍ਹ ਗਏ ਪਰ ਉਹ ਦੌੜ ਕੇ ਫਿਰ ਉਸ ਨਾਲ ਚੰਬੜ ਗਈ ਤੇ ਬੁੜਬੁੜਾਈ 'ਮੂਰਖ ਇਨਸਾਨ......... ।'

'ਮਾਇਆ ਦੇਵੀ ! ਮੈਂ ਤੈਨੂੰ ਇਤਨਾ ਨੀਚ ਨਹੀਂ ਸਾਂ ਸਮਝਦਾ । ਇਹ ਕਿਉਂ ਭੁਲ ਰਹੀ ਏਂ ਕਿ ਤੂੰ ਇਕ ਸ਼ਾਦੀ ਸ਼ੁਦਾ ਔਰਤ ਏਂ ।'

'ਮੇਰੀ ਅਜ ਤਕ ਸ਼ਾਦੀ ਨਹੀਂ ਹੋਈ ।'

'ਕਾਮ ਦੀ ਅਗਨੀ ਵਿਚ ਸੜ ਰਹੀ ਐ ਮੱਕਾਰ ਔਰਤ ! ਕੀ ਤੂੰ ਸੇਠ ਜੀ ਦੀ ਪਤਨੀ ਨਹੀਂ ਏਂ ?'

'ਹਾ–ਹਾ–ਹਾ–' ਮਾਇਆ ਦੇਵੀ ਅਜੀਬ ਤਰ੍ਹਾਂ ਨਾਲ ਹਸੀ ਤੇ ਚੰਦਰ ਦੀਆਂ ਅਖਾਂ ਵਿਚ ਵੇਖਦੀ ਹੋਈ ਬੋਲੀ, 'ਉਹ ਮੇਰਾ ਪਤੀ ਕਿਸ ਤਰ੍ਹਾਂ ਹੋ ਸਕਦਾ ਹੈ । ਉਹ ਤਾਂ ਇਕ ਐਸਾ ਵਪਾਰੀ ਹੈ ਜਿਸਦਾ ਖਜ਼ਾਨਾ ਪਤਾ ਨਹੀਂ ਕਦੋਂ ਦਾ ਲੁਟਿਆ ਜਾ ਚੁਕਾ ਹੈ । ਉਹਦੇ ਵਿਚ ਐਸੀ ਕੋਈ ਚੀਜ਼ ਨਹੀਂ ਜੋ ਔਰਤ ਨੂੰ ਖੁਸ਼ ਕਰ ਸਕਦੀ ਹੈ । ਉਹਦੀ ਇਕ ਲਤ ਲਕੜੀ ਦੀ ਹੈ ਤੇ ਰਾਤ ਨੂੰ ਇਕ ਪਿੰਗਲ ਵਾਂਗ ਬਿਸਤਰੇ ਤੇ ਪਿਆ ਹੁੰਦਾ ਹੈ । ......ਮੇਰੀ ਹਾਲਤ ਉਸ ਲੋਹੇ ਵਾਂਗ ਹੋ ਜਾਂਦੀ ਹੈ ਜਿਸਨੂੰ ਗਰਮ ਤਾਂ ਕੀਤਾ ਗਿਆ ਹੋਵੇ ਪਰ ਚੋਟ ਨਾ ਮਾਰੀ ਗਈ ਹੋਵੇ । ਅਗਰ ਤੇਰੇ ਸੀਨੇ ਵਿਚ ਇਕ ਔਰਤ ਦਾ ਦਿਲ ਹੁੰਦਾ ਤਾਂ ਮੇਰੇ ਦਿਲ ਚੋਂ ਨਿਕਲ ਰਹੇ ਲਾਵੇ ਨੂੰ ਜ਼ਰੂਰ ਵੇਖ ਸਕਦਾ । ਇਕ ਔਰਤ ਦੀ ਸਭ ਤੋਂ ਵਡੀ ਤਮੰਨਾ ਇਹੀ ਹੁੰਦੀ ਹੈ ਕਿ ਉਹਨੂੰ ਕੋਈ ਮਾਂ ਕਹਿ ਕੇ ਬੁਲਾਏ ਪਰ ਮੇਰੀ ਤਮੰਨਾ ਕਦੀ ਪੂਰੀ ਨਹੀਂ ਹੋ ਸਕੇਗੀ । ਮੇਰਾ ਪਤੀ ਜੀਉਂਦਿਆਂ ਵੀ ਇਕ ਠੰਡੀ ਲਾਸ਼ ਹੈ........ ।'

ਚੰਦਰ ਨੂੰ ਇਸ ਤਰ੍ਹਾਂ ਅਨੁਭਵ ਹੋਇਆ ਜਿਸ ਤਰ੍ਹਾਂ ਜਿਸਮ ਦਾ ਸਾਰਾ ਲਹੂ ਮੂੰਹ ਰਾਹੀਂ ਬਾਹਰ ਆ ਰਿਹਾ ਹੋਵੇ । ਜਿਸ ਮਾਇਆ ਦੇਵੀ ਤੇ

ਉਹਨੂੰ ਕ੍ਰੋਧ ਆ ਰਿਹਾ ਸੀ ਉਸ ਤੇ ਦਿਆ ਆਣ ਲਗ ਪਈ। ਉਹਨੂੰ ਅਜ ਦੇ ਸਮਾਜ ਤੇ ਹਾਸਾ ਆ ਗਿਆ। ਮਾਂ ਪਿਓ ਦੇ ਰੂਪ ਵਿਚ ਹਾਲਾਂ ਵੀ ਐਸੇ ਦਰਿੰਦੇ ਮੌਜੂਦ ਹਨ ਜੋ ਚਾਂਦੀ ਦੇ ਸਿਕਿਆਂ ਪਿਛੇ ਜਵਾਨ ਧੀਆਂ ਐਸੇ ਬੁਢਿਆਂ ਦੇ ਲੜ ਲਾ ਦੇਂਦੇ ਹਨ ਜਿਨ੍ਹਾਂ ਦਾ ਇਕ ਪੈਰ ਕਬਰ ਵਿਚ ਹੁੰਦਾ ਹੈ ਤੇ ਦੂਜਾ ਬਾਹਰ।

ਦੀਵਾਰ ਤੇ ਲਗੀ ਘੜੀ ਨੇ ਟੰਨ ਕਰਕੇ ਇਕ ਵਜਣ ਦੀ ਸੂਚਨਾ ਦਿਤੀ ਤੇ ਆਵਾਜ਼ ਨਾਲ ਚੰਦਰ ਦੀ ਵਿਚਾਰ ਧਾਰਾ ਟੁਟ ਗਈ। ਉਹਨੇ ਮਾਇਆ ਦੇਵੀ ਵਲ ਵੇਖਿਆ। ਉਹ ਪਲੰਘ ਤੇ ਬੈਠੀ ਬੁਰੀ ਤਰ੍ਹਾਂ ਹਾਂਫ ਰਹੀ ਸੀ। ਚੰਦਰ ਨੇ ਝਪਟ ਕੇ ਉਹਨੂੰ ਸੀਨੇ ਨਾਲ ਲਾ ਲਿਆ, ਬਾਹਵਾਂ ਵਿਚ ਕਸ ਲਿਆ ਤੇ ਉਹਦੀ ਗੋਦ ਵਿਚ ਸਿਰ ਰਖਦਿਆਂ ਬੋਲਿਆ, 'ਮਾਇਆ ਦੇਵੀ! ਚੰਦਰ ਨੂੰ ਸੀਨੇ ਨਾਲ ਲਾਣਾ ਹੈ ਤਾਂ ਇਕ ਪੁਤ੍ਰ ਸਮਝ ਕੇ ਲਾ। ਫਿਰ ਵੇਖ ਤੈਨੂੰ ਉਸ ਪਿਆਰ ਨਾਲੋਂ ਕਿਤਨਾ ਜ਼ਿਆਦਾ ਅਨੰਦ ਆਉਂਦਾ ਹੈ ਜਿਸਨੂੰ ਪਾਣ ਲਈ ਤੂੰ ਪਾਗਲ ਹੁੰਦੀ ਜਾ ਰਹੀ ਏਂ। ਤੈਨੂੰ ਇਹੋ ਸ਼ਿਕਾਇਤ ਹੈ ਨਾ ਕਿ ਤੂੰ ਆਪਣੀ ਗੋਦ ਵਿਚ ਪੁਤ੍ਰ ਨਹੀਂ ਖਿਡਾ ਸਕੇਂਗੀ, ਤੂੰ ਮੈਨੂੰ ਹੀ ਆਪਣਾ ਪੁਤ੍ਰ ਸਮਝ ਲੈ........ '

ਮਾਇਆ ਦੇਵੀ ਇਸ ਤਰ੍ਹਾਂ ਚੌਂਕੀ ਜਿਸ ਤਰ੍ਹਾਂ ਕਿਸੇ ਨੇ ਉਹਨੂੰ ਚੋਰਾਹੇ ਤੇ ਨੰਗਿਆਂ ਕਰ ਦਿਤਾ ਹੋਵੇ। ਉਹਨੇ ਸੁਪਨੇ ਵਿਚ ਵੀ ਅਨੁਮਨਾ ਨਹੀਂ ਸੀ ਲਗਾਇਆ ਕਿ ਚੰਦਰ ਇਹੋ ਜਿਹੇ ਉਚੇ ਵਿਚਾਰਾਂ ਵਾਲ ਆਦਮੀ ਹੈ। ਉਹਦਾ ਦਿਲ ਚਾਹ ਰਿਹਾ ਸੀ ਕਿ ਚੰਦਰ ਨੂੰ ਆਪਣੀ ਗੋਦ ਵਿਚ ਛੁਪਾ ਲਵੇ। ਉਹਦੇ ਚੇਹਰੇ ਤੇ ਪਹਿਲੀ ਵਾਰ ਮਾਤ੍ਰ ਪਰੇਮ ਦੀਆਂ ਰੇਖਾਵਾਂ ਉਭਰੀਆਂ

'ਚੰਦਰ... ਮੇਰੇ ਬਚੇ...... ।' ਮਾਇਆ ਦੇਵੀ ਨੇ ਝਪਟ ਕੇ ਉਹਨੂੰ ਸੀਨੇ ਨਾਲ ਲਾ ਲਿਆ ਤੇ ਉਹਦਾ ਮੂੰਹ ਚੁਮਣ ਲਗ ਪਈ।

ਮਾਇਆ ਦੇਵੀ ਅਜ ਤਕ ਮਾਂ ਨਹੀਂ ਸੀ ਬਣੀ ਪਰ ਉਹਨੂੰ ਇਸ ਤਰ੍ਹਾਂ ਅਨੁਭਵ ਹੋ ਰਿਹਾ ਸੀ ਜਿਸ ਤਰ੍ਹਾਂ ਅਗੋਂ ਤੋਂ ਉਹਦੇ ਸੀਨੇ ਵਿਚ ਘੁਟਨ ਨਹੀਂ ਹੋਏਗੀ । ਦੁਨੀਆਂ ਵਿਚ ਉਸਨੂੰ ਵੀ ਕੋਈ ਮਾਂ ਕਹਿਣ ਵਾਲਾ ਹੈ ।

● ● ●

ਰਾਤ ਦੇ ਦਸ ਵਜ ਚੁਕੇ ਸਨ ਪਰ ਕੋਠੀ ਦੀਆਂ ਖਿੜਕੀਆਂ ਚੋਂ ਹਾਲਾਂ ਤਕ ਰੋਸ਼ਨੀ ਆ ਰਹੀ ਸੀ । ਚੰਦਰ ਇਕ ਕੁਰਸੀ ਤੇ ਬੈਠਾ ਸੀ ਤੇ ਸੇਠ ਜੀ ਦਰਵਾਜ਼ੇ ਦਾ ਸਹਾਰਾ ਲਈ ਚੰਦਰ ਨੂੰ ਘੂਰ ਰਹੇ ਸਨ ।

'ਚੰਦਰ !' ਸੇਠ ਜੀ ਉਸ ਵਲ ਵੇਖਦੇ ਹੋਏ ਬੋਲੇ । 'ਆਦਮੀ ਘਰ ਵਿਚ ਦੀਵਾ ਇਸ ਲਈ ਬਾਲਦਾ ਹੈ ਕਿ ਰੋਸ਼ਨੀ ਹੋਵੇ । ਜੇ ਉਹੋ ਦੀਵਾ ਘਰ ਨੂੰ ਅਗ ਲਗਾ ਦੇਵੇ...... ।'

ਚੰਦਰ ਕੁਰਸੀ ਤੇ ਬੈਠਿਆਂ ਹੀ ਪਹਿਲੂ ਬਦਲਿਆ ਤੇ ਸੇਠ ਜੀ ਨੂੰ ਸੰਬੋਧਨ ਕਰਦਿਆਂ ਬੋਲਿਆ, 'ਮੈਂ ਕਾਫੀ ਦੇਰ ਤੋਂ ਵੇਖ ਰਿਹਾ ਹਾਂ ਕਿ ਤੁਸੀ ਬੁਝਾਰਤਾਂ ਪਾ ਰਹੇ ਹੋ । ਚੰਗਾ ਹੋਵੇ ਜੇ ਖੁਲ੍ਹ ਕੇ ਗਲ ਕਰੋ ।'

'ਕੀ ਇਹ ਗਲਤ ਏ ਕਿ ਤੂੰ ਰਜਨੀ ਨਾਲ ਪਿਆਰ ਕਰਦਾ ਏਂ ?'

'ਇਹ ਕੋਈ ਗੁਨਾਹ ਤਾਂ ਨਹੀਂ ।'

'ਜੇ ਇਹ ਗੁਨਾਹ ਨਹੀਂ ਤਾਂ ਮੇਰੇ ਸਵਾਲ ਦਾ ਜਵਾਬ ਵੀ ਨਹੀਂ ।'

'ਤਾਂ ਇਹੋ ਸਮਝ ਲਓ ।'

'ਚੰਦਰ, ਜੇ ਪਤੰਗਾ ਸ਼ਮ੍ਹਾਂ ਨਾਲ ਟਕਰਾਣ ਤੋਂ ਪਹਿਲਾਂ ਆਪਣੀ ਸ਼ਕਤੀ ਦਾ ਅਨੁਮਾਨ ਲਗਾ ਲਵੇ ਤਾਂ ਕਦੀ ਉਸ ਵਲ ਮੂੰਹ ਨਾ ਕਰੇ ।'

'ਕੀ ਮੈਂ ਇਹਨੂੰ ਤੁਹਾਡੀ ਧਮਕੀ ਸਮਝਾਂ ?'

'ਕੁਝ ਵੀ ਸਮਝ ਲੈ ਪਰ ਤੈਨੂੰ ਰਜਨੀ ਦਾ ਖਿਆਲ ਛਡਣਾ ਹੀ ਪਵੇਗਾ ।

'ਆਖਰ ਕਿਉਂ ?'

'ਇਹ ਵੀ ਮੈਨੂੰ ਹੀ ਦਸਣਾ ਪਵੇਗਾ ?' ਸੇਠ ਜੀ ਮੁਸਕ੍ਰਾਂਦੇ ਹੋਏ ਬੋਲੇ ਪਰ ਉਸ ਮੁਸਕਾਨ ਵਿਚ ਜਿਹੜਾ ਜ਼ਹਿਰ ਸੀ ਉਹ ਚੰਦਰ ਤੋਂ ਛੁਪਿਆ ਨਾ ਰਹਿ ਸਕਿਆ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲੇ ਸੇਠ ਜੀ ਬੋਲ ਪਏ, 'ਇਕ ਐਸਾ ਇਨਸਾਨ ਜੋ ਇਸ ਸ਼ਹਿਰ ਦੀਆਂ ਸੜਕਾਂ ਤੇ ਆਵਾਰਾ ਫਿਰਦਾ ਹੁੰਦਾ ਸੀ ਯਾ ਇਹ ਕਹਿ ਲਓ ਕਿ ਰਿਕਸ਼ਾ ਚਲਾਇਆ ਕਰਦਾ ਸੀ ਅਜ ਸ਼ਹਿਰ ਦੇ ਸਭ ਤੋਂ ਵਡੇ ਅਮੀਰ ਦੀ ਲੜਕੀ ਨਾਲ ਸ਼ਾਦੀ ਕਰਨ ਦੇ ਸੁਪਨੇ ਲੈ ਰਿਹਾ ਹੈ। ਇਸਨੂੰ ਨਾ ਕੇਵਲ ਮੈਂ ਬਲਕਿ ਸਾਰਾ ਸਮਾਜ ਨਾਪਸੰਦ ਕਰੇਗਾ। ਇਹ ਨਾ ਕੇਵਲ ਮੇਰਾ ਬਲਕਿ ਸਾਰੇ ਸਮਾਜ ਦਾ ਅਸੂਲ ਹੈ।'

'ਤੁਸੀ ਸਾਰੇ ਸਮਾਜ ਦਾ ਠੇਕਾ ਨਾ ਲਉ, ਆਪਣੀ ਗਲ ਕਰੋ। ਲੋਕੀ ਔਰਤ ਨੂੰ ਜੂਏ ਵਿਚ ਹਾਰ ਛਡਦੇ ਸਨ, ਇਹ ਵੀ ਸਮਾਜ ਦਾ ਅਸੂਲ ਸੀ। ਇਕ ਆਦਮੀ ਤਿੰਨ ਤਿੰਨ ਵਿਆਹ ਕਰਦਾ ਸੀ ਉਹ ਵੀ ਸਮਾਜ ਦੀ ਰੀਤ ਸੀ। ਔਰਤ ਨੂੰ ਸਰੇ ਬਾਜ਼ਾਰ ਬੋਲੀ ਦੇ ਕੇ ਵੇਚ ਦਿਤਾ ਜਾਂਦਾ ਸੀ, ਇਹ ਵੀ ਸਮਾਜ ਦੇ ਪਾਕ ਹੋਣ ਦੀ ਇਕ ਕੜੀ ਸੀ। ਧੀਆਂ ਦਾ ਜੰਮਣ ਵੇਲੇ ਹੀ ਗਲਾ ਘੁਟ ਦਿਤਾ ਜਾਂਦਾ ਸੀ, ਇਹ ਵੀ ਸਮਾਜ ਦਾ ਹੀ ਅਸੂਲ ਸੀ। ਛੋਟਾ ਕੰਮ ਕਰਨ ਵਾਲਿਆਂ ਦੇ ਨਾਲ ਲਗ ਜਾਣ ਨਾਲ ਆਦਮੀ ਦਾ ਜਨਮ ਖਰਾਬ ਹੋ ਜਾਂਦਾ ਹੈ, ਇਹ ਸਮਾਜ ਹੀ ਕਹਿੰਦਾ ਸੀ। ਅਜ ਤੁਹਾਡੇ ਕੋਲ ਪੈਸੇ ਹਨ ਤਾਂ ਸਮਾਜ ਦਾ ਠੇਕਾ ਲੈ ਬੈਠੇ ਹੋ। ਹਰ ਅਮੀਰ ਸਮਾਜ ਦਾ ਢਿੰਡੋਰਾ ਪਿਟਦਾ ਹੈ। ਆਖਰ ਕਿਉਂ ? ਸਮਾਜ ਦੇ ਠੇਕੇਦਾਰ ਹੀ ਤਾਂ ਬੁਢੇ ਵਾਰੇ ਸੋਲਾਂ ਸਾਲ ਦੀ ਲੜਕੀ ਨਾਲ ਵਿਆਹ ਕਰਦੇ ਹਨ...।'

'ਚੰਦਰ!' ਸੇਠ ਜੀ ਗਰਜ ਕੇ ਬੋਲੇ, 'ਤੂੰ ਮੇਰੀ ਜ਼ਾਤ ਤੇ ਹਮਲਾ ਕਰ ਰਿਹਾ ਏਂ ਜਿਸਨੂੰ ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਜੇ ਮੇਰੇ ਤੇ ਤੇਰਾ ਇਕ ਅਹਿਸਾਨ ਨਾ ਹੁੰਦਾ ਤਾਂ ਹੁਣੇ ਦਸ ਦੇਂਦਾ ਕਿ ਮੈਂ ਕੀ ਹਾਂ। ਮੇਰਾ ਇਕ ਇਸ਼ਾਰਾ ਚਲਦੇ ਸਾਹ ਰੋਕ ਸਕਦਾ ਹੈ।'

'ਲੋਕੀ ਮੌਤ ਦੀਆਂ ਧਮਕੀਆਂ ਤੋਂ ਇਸ ਲਈ ਡਰ ਜਾਂਦੇ ਹਨ ਕਿਉਂਕਿ ਉਹਨਾਂ ਦਾ ਨਾਂ ਚੰਦਰ ਨਹੀਂ ਹੁੰਦਾ। ਮੈਂ ਤਾਂ ਜ਼ਿੰਦਗੀ ਨੂੰ ਇਕ ਜੂਆ ਸਮਝਦਾ ਹਾਂ। ਹਾਰ ਯਾ ਜਿੱਤ।'

'ਤੇਰੀ ਜਿਤ ਕੀ ਹੈ ?' ਸੇਠ ਜੀ ਮੁਸਕ੍ਰਾਏ।

'ਰਜਨੀ।' ਇਹ ਚੰਦਰ ਦਾ ਜਵਾਬ ਸੀ।

'ਚੰਦਰ ! ਹਾਲਾਂ ਤੇਰੇ ਦਮਾਗ ਚੋਂ ਰਜਨੀ ਦਾ ਖਿਆਲ ਨਹੀਂ ਗਿਆ ?'

'ਅਸੀ ਇਕ ਦੂਜੇ ਤੋਂ ਬਿਨਾਂ ਜ਼ਿੰਦਾ ਨਹੀਂ ਰਹਿ ਸਕਦੇ।'

'ਇਹ ਇਕ ਫਿਲਮੀ ਡਾਇਲਾਗ ਹੈ ਮੇਰੇ ਅਜ਼ੀਜ਼ ਜੋ ਬਹੁਤ ਪੁਰਾਣਾ ਹੋ ਚੁਕਾ ਹੈ। ਮੇਰੇ ਕੋਲ ਐਸਾ ਵੀ ਇਲਾਜ ਹੈ ਕਿ ਤੂੰ ਰਜਨੀ ਨੂੰ ਸਦਾ ਲਈ ਭੁਲ ਜਾਏਂ।'

'ਵੇਖਿਆ ਜਾਏਗਾ।' ਚੰਦਰ ਨੇ ਲਾਪਰਵਾਹੀ ਨਾਲ ਕਿਹਾ ਤੇ ਕਾਹਲੇ ੨ ਕਦਮ ਪੁਟਦਾ ਬਾਹਰ ਆ ਗਿਆ। ਸਾਮ੍ਹਣੇ ਰਜਨੀ ਦਿਸ ਪਈ।

'ਕੀ ਜਾ ਰਹੇ ਹੋ ?'

'ਜਾ ਨਹੀਂ ਰਿਹਾ ਬਲਕਿ ਤੁਹਾਡੀ ਦੁਨੀਆਂ ਤੋਂ ਸਦਾ ਲਈ ਜਾ ਰਿਹਾ ਹਾਂ।' ਚੰਦਰ ਨੇ ਜਾਣ ਲਈ ਕਦਮ ਵਧਾਏ।

'ਮੈਨੂੰ ਕਿਸਦੇ ਸਹਾਰੇ ਛਡ ਕੇ ਜਾ ਰਹੇ ਹੋ ?'

'ਇਹ ਆਪਣੇ ਪਿਤਾ ਕੋਲੋਂ ਪੁਛ।'

'ਨਹੀਂ, ਮੈਂ ਤੁਹਾਨੂੰ ਇਕੱਲਿਆਂ ਨਹੀਂ ਜਾਣ ਦਿਆਂਗੀ। ਜਿਥੇ ਚੰਦਰ ਉਥੇ ਰਜਨੀ...।' ਉਹ ਕਾਹਲੀ ਨਾਲ ਬੋਲੀ।'

'ਤੇਰੀ ਦੁਨੀਆਂ ਤੇ ਮੇਰੀ ਦੁਨੀਆਂ ਵਿਚ ਬੜਾ ਫਰਕ ਹੈ ਰਜਨੀ ! ਤੇਰੀ ਦੁਨੀਆਂ ਵਿਚ ਸੋਨੇ ਚਾਂਦੀ ਦੀ ਚਮਕ ਹੈ ਤੇ ਮੇਰੀ ਦੁਨੀਆਂ ਵਿਚ ਭੁਖ ਤੇ ਗਰੀਬੀ ਦਾ ਹਨ੍ਹੇਰਾ। ਕੀ ਮੇਰੇ ਨਾਲ ਭੁਖੀ ਰਹਿ ਸਕੇਂਗੀ ?'

'ਜਿਸ ਦੁਨੀਆਂ ਵਿਚ ਇਨਸਾਨ ਨੂੰ ਚਾਂਦੀ ਦੇ ਸਿਕਿਆਂ ਨਾਲ ਤੋਲਿਆ ਜਾਏ ਉਹ ਦੁਨੀਆਂ ਰਜਨੀ ਦੀ ਨਹੀਂ ਕਿਸੇ ਹੋਰ ਦੀ ਹੋ ਸਕਦੀ ਹੈ।'

'ਰਜਨੀ ! ਚੰਦਰ ਨਾਲ ਜਾਣ ਤੋਂ ਪਹਿਲਾਂ ਤੈਨੂੰ ਮੇਰੀ ਲਾਸ਼ ਤੋਂ ਗੁਜ਼ਰਨਾ ਪਵੇਗਾ।' ਇਹ ਉਹਦੇ ਪਿਤਾ ਦੀ ਆਵਾਜ਼ ਸੀ ਜਿਸ ਵਿਚ ਦ੍ਰਿੜ੍ਹਤਾ ਦੀ ਝਲਕ ਸੀ।

'ਪਿਤਾ ਜੀ...... ।'

'ਚੰਦਰ ਤੂੰ ਜਾ ਸਕਦਾ ਏਂ।' ਰਜਨੀ ਦੇ ਪਿਤਾ ਨੇ ਦਰਵਾਜ਼ੇ ਵਲ ਇਸ਼ਾਰਾ ਕਰਦਿਆਂ ਕਿਹਾ।

'ਮੈਂ ਤਾਂ ਜਾ ਰਿਹਾ ਹਾਂ ਪਰ ਇਹ ਯਾਦ ਰਖੋ ਜੇ ਰਜਨੀ ਮੇਰੀ ਨਾ ਹੋ ਸਕੀ ਤਾਂ ਕਿਸੇ ਹੋਰ ਦੀ ਵੀ ਨਹੀਂ ਹੋ ਸਕੇਗੀ।'

– – –

ਅਜ ਕਿਰਨ ਬਹੁਤ ਉਦਾਸ ਸੀ ਕਿਉਂਕਿ ਤਿੰਨ ਚਾਰ ਦਿਨ ਤੋਂ ਚੰਦਰ ਘਰ ਨਹੀਂ ਸੀ ਆਇਆ। ਉਹ ਕਮਰੇ ਦੀ ਸਫਾਈ ਕਰ ਰਹੀ ਸੀ ਤੇ ਦਰਵਾਜ਼ਾ ਬੰਦ ਸੀ। ਜਿਉਂ ਹੀ ਉਹ ਚੰਦਰ ਦੀ ਤਸਵੀਰ ਤੋਂ ਮਿਟੀ ਸਾਫ ਕਰਨ ਲਗੀ ਫੋਟੋ ਹੇਠਾਂ ਡਿਗ ਪਈ ਤੇ ਸ਼ੀਸ਼ਾ ਚਕਨਾਚੂਰ ਹੋ ਗਿਆ। ਉਹਦਾ ਦਿਲ ਧਕ ੨ ਕਰਨ ਲਗ ਪਿਆ। ਉਹਨੇ ਇਹ ਕਹਾਵਤ ਸੁਣੀ ਹੋਈ ਸੀ– ਤਸਵੀਰ ਟੁਟਦੀ ਹੈ ਤਾਂ ਤਕਦੀਰ ਫੁਟਦੀ ਹੈ।

ਅਚਾਨਕ ਉਹਦਾ ਚੇਹਰਾ ਖਿੜ ਗਿਆ ਕਿਉਂਕਿ ਕੋਈ ਦਰਵਾਜ਼ਾ ਖਟਖਟਾ ਰਿਹਾ ਸੀ। ਉਹਨੂੰ ਪੂਰੀ ਉਮੀਦ ਸੀ ਕਿ ਚੰਦਰ ਤੋਂ ਸਿਵਾ ਕੋਈ ਹੋਰ ਨਹੀਂ ਹੋਵੇਗਾ। ਉਹਨੇ ਕਾਹਲੀ ਨਾਲ ਫਰਸ਼ ਤੇ ਪਏ ਹੋਏ ਸ਼ੀਸ਼ੇ ਦੇ ਟੁਕੜੇ ਲਾਂਭੇ ਸੁਟੇ ਤੇ ਦਰਵਾਜ਼ਾ ਖੋਲ੍ਹ ਦਿਤਾ। ਪਰ ਆਉਣ ਵਾਲੇ ਨੂੰ ਵੇਖ ਕ ਉਹ ਖੁਸ਼ ਨਾ ਹੋਈ, ਕੋਈ ਗਲ ਨਾ ਕਰ ਸਕੀ ਕਿਉਂਕਿ ਆਉਣ ਵਾਲਾ ਅਬਦੁਲ ਸੀ।

ਉਹਨੂੰ ਆਪਣੀਆਂ ਅਖਾਂ ਤੇ ਵਿਸ਼ਵਾਸ ਨਹੀਂ ਸੀ ਹੋ ਰਿਹਾ। ਇਸ ਤਰ੍ਹਾਂ ਅਨੁਭਵ ਕਰ ਰਹੀ ਸੀ ਜਿਸ ਤਰ੍ਹਾਂ ਕੋਈ ਡਰਾਉਣਾ ਸੁਪਨਾ ਵੇਖ ਰਹੀ ਹੋਵੇ। ਅਬਦੁਲ ਦੀਆਂ ਅਖਾਂ ਸਨ ਕਿ ਅੰਗਾਰੇ । ਉਹਨੂੰ ਵੇਖਦਿਆਂ ਹੀ ਬੇਹੋਸ਼ ਹੋ ਗਈ। ਅਬਦੁਲ ਨੇ ਉਹਨੂੰ ਚੁਕ ਕੇ ਕਾਰ ਵਿਚ ਪਾ ਲਿਆ ਤੇ ਕਾਰ ਇਹ ਗਈ– ਉਹ ਗਈ।

– – – –

ਸਵੇਰੇ ਜਿਉਂ ਹੀ ਚੰਦਰ ਨੇ ਘਰ ਵਿਚ ਕਦਮ ਰਖਿਆ, ਹੈਰਾਨ ਰਹਿ ਗਿਆ। ਉਹਨੇ ਕਿਰਨ ਨੂੰ ਚਾਰੇ ਪਾਸੇ ਲਭਿਆ ਪਰ ਕਿਧਰੇ ਨਜ਼ਰ ਨਾ ਆਈ। ਉਹਦਾ ਕਿਧਰੇ ਬਾਹਰ ਜਾਣ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਕਿਉਂਕਿ ਚੰਦਰ ਨੇ ਕਈ ਵਾਰੀ ਉਹਨੂੰ ਬਾਜ਼ਾਰ ਚਲਣ ਲਈ ਕਿਹਾ ਪਰ ਉਹਨੇ ਇਨਕਾਰ ਕਰ ਦਿਤਾ, ਫਿਰ ਗਈ ਕਿਧਰ ? ਉਹ ਹੈਰਾਨ ਪਰੇਸ਼ਾਨ ਕਦੀ ਇਧਰ ਦੌੜਦਾ ਕਦੀ ਉਧਰ, ਪਰ ਕਿਰਨ ਕਿਧਰੇ ਨਾ ਮਿਲੀ।

ਉਹ ਉਦਾਸ ਤਾਂ ਸੀ ਹੀ ਇਸ ਲਈ ਬਾਜ਼ਾਰ ਵਲ ਤੁਰ ਪਿਆ। ਜਦ ਥਕ ਗਿਆ ਤਾਂ ਇਕ ਕੈਫ਼ੇ ਵਿਚ ਚਾਹ ਪੀਣ ਲਈ ਬਹਿ ਗਿਆ। ਅਚਾਨਕ ਇਕ ਪੋਲੀਸ ਅਫ਼ਸਰ ਉਹਦੇ ਕੋਲ ਬਹਿ ਗਿਆ। ਚੰਦਰ ਵੀ ਉਹਨੂੰ ਜਾਣਦਾ ਸੀ ਇਸ ਲਈ ਦੋਵੇਂ ਗਲਾਂ ਕਰਨ ਲਗ ਪਏ।

'ਚੰਦਰ ! ਕਾਨੂੰਨ ਦੀ ਹਿਫਾਜ਼ਤ ਕਰਨਾ ਹਰ ਆਦਮੀ ਦਾ ਫਰਜ਼ ਹੈ।' ਪੋਲੀਸ ਅਫਸਰ ਨੇ ਚੰਦਰ ਨੂੰ ਸੰਬੋਧਨ ਕਰਦਿਆਂ ਕਿਹਾ।

'ਮੈਂ ਤੁਹਾਡਾ ਮਤਲਬ ਨਹੀਂ ਸਮਝਿਆ ।' ਚੰਦਰ ਉਹਦੇ ਮੂੰਹ ਵਲ ਵੇਖਦਿਆਂ ਬੋਲਿਆ।

'ਮੈਂ ਤੈਨੂੰ ਪੂਰੀ ਗਲ ਸਮਝਾਉਂਦਾ ਹਾਂ । ਸਰਕਾਰ ਨੇ ਸਰੀਰ ਵੇਚਣ ਤੇ ਪਾਬੰਦੀ ਲਾ ਦਿਤੀ ਹੈ ਪਰ ਫਿਰ ਵੀ ਕਈ ਜਗ੍ਹਾ ਤੇ ਐਸਾ ਹੋ ਰਿਹਾ ਹੈ। ਮੈਂ ਚਾਹੁੰਦਾ ਹਾਂ ਤੂੰ ਪੋਲੀਸ ਵਲੋਂ ਨਕਲੀ ਗਾਹਕ ਬਣਕੇ ਜਾ ਤੇ ਅਸੀ ਐਸੀਆਂ ਲੜਕੀਆਂ ਨੂੰ ਫੜ ਸਕੀਏ।'

'ਪਰ ਇਸਦੀ ਵੀ ਤਾਂ ਕਾਨੂੰਨ ਇਜਾਜ਼ਤ ਨਹੀਂ ਦੇਂਦਾ ਕਿ ਤੁਸੀ ਮੈਨੂੰ ਨਕਲੀ ਗਾਹਕ ਬਣਾ ਕੇ ਭੇਜੋ। ਇਸ ਤੋਂ ਤਾਂ ਸਾਫ ਪ੍ਰਗਟ ਹੋ ਰਿਹਾ ਹੈ ਕਿ ਕਾਨੂੰਨ ਨੂੰ ਹਥ ਵਿਚ ਲੀਤਾ ਜਾ ਰਿਹਾ ਹੈ।'

'ਚੰਦਰ! ਕਾਨੂੰਨ ਦੀ ਹਿਫ਼ਾਜ਼ਤ ਲਈ ਕਦੀ ੨ ਕਾਨੂੰਨ ਨੂੰ ਹਥ ਵਿਚ ਲੈਣਾ ਪੈ ਹੀ ਜਾਂਦਾ ਹੈ।'

'ਜਿਸ ਤਰ੍ਹਾਂ ਤੁਹਾਡੀ ਮਰਜ਼ੀ। ਜੇ ਤੁਸੀ ਮੇਰੀ ਮਦਦ ਨਾਲ ਕਾਮਯਾਬ ਹੋ ਸਕਦੇ ਹੋ ਤਾਂ ਮੈਨੂੰ ਖੁਸ਼ੀ ਹੈ।' ਚੰਦਰ ਨੇ ਹਾਂ ਕਰ ਦਿਤੀ।

ਉਸੀ ਦਿਨ ਰਾਤ ਨੂੰ ਪੋਲੀਸ ਨੇ ਚੰਦਰ ਦੀ ਮਦਦ ਨਾਲ ਬਦਨਾਮ ਜਗ੍ਹਾ ਤੇ ਛਾਪਾ ਮਾਰਿਆ ਤੇ ਲਗਪਗ ਦਸ ਲੜਕੀਆਂ ਨੂੰ ਬਰਾਮਦ ਕੀਤਾ।

ਜਦ ਚੰਦਰ ਇਸ ਕੰਮ ਤੋਂ ਵੇਹਲਾ ਹੋਇਆ ਤਾਂ ਘਰ ਵਲ ਤੁਰ ਪਿਆ। ਵਾਪਸੀ ਤੇ ਉਹਨੇ ਸੜਕ ਤੇ ਬੜੀ ਭੀੜ ਵੇਖੀ। ਪੁਛਣ ਤੇ ਪਤਾ ਲਗਾ ਕਿ ਇਕ ਲੜਕੀ ਟਰੱਕ ਹੇਠਾਂ ਆ ਕੇ ਮਰ ਗਈ ਹੈ। ਕਿਧਰੇ ਕਿਰਨ ਹੀ ਤਾਂ ਨਹੀਂ—? ਇਹ ਸੋਚਦਿਆਂ ਹੀ ਉਹਦਾ ਹੇਠਲਾ ਸਾਹ ਹੇਠਾਂ ਤੇ ਉਤਲਾ ਉਤੇ ਰਹਿ ਗਿਆ। ਅਖਾਂ ਅਗੇ ਹਨ੍ਹੇਰਾ ਛਾ ਗਿਆ। ਪੈਰਾਂ ਵਿਚ ਖੜੇ ਹੋਣ ਦੀ ਸ਼ਕਤੀ ਨਾ ਰਹੀ। ਉਹ ਭੀੜ ਨੂੰ ਚੀਰਦਾ ਹੋਇਆ ਅੰਦਰ ਵੜ ਗਿਆ ਕਿਉਂਕਿ ਜਲਦੀ ਤੋਂ ਜਲਦੀ ਉਹਦੀ ਸ਼ਕਲ ਵੇਖਣਾ ਚਾਹੁੰਦਾ ਸੀ। ਪਰ ਇਹ ਵੇਖਕੇ ਉਹਨੂੰ ਤਸੱਲੀ ਹੋ ਗਈ ਕਿ ਉਹ ਕਿਰਨ ਨਹੀਂ ਬਲਕਿ ਕੋਈ ਹੋਰ ਲੜਕੀ ਸੀ।

ਅਜ ਦਿਨ ਹੀ ਐਸਾ ਚੜ੍ਹਿਆ ਸੀ ਕਿ ਚੰਦਰ ਦਾ ਮੰਨ ਭਾਰੀ ਹੋ ਗਿਆ। ਥਕਾਵਟ ਦੇ ਕਾਰਣ ਉਹਨੂੰ ਛੇਤੀ ਹੀ ਨੀਂਦ ਆ ਗਈ। ਸਵੇਰੇ ਜਦ ਅਖ ਖੁਲ੍ਹੀ ਤਾਂ ਧੁਪ ਬਾਰੀ ਰਾਹੀਂ ਅੰਦਰ ਆ ਰਹੀ ਸੀ। ਉਹ ਬਾਹਰ ਜਾਣ ਦੀ ਤਿਆਰੀ ਕਰ ਹੀ ਰਿਹਾ ਸੀ ਕਿ ਕਿਸੀ ਨੇ ਦਰਵਾਜ਼ਾ ਖਟਖਟਾਇਆ। ਉਹਨੇ ਦਰਵਾਜ਼ਾ ਖੋਲ੍ਹ ਦਿਤਾ। ਆਉਣ ਵਾਲੀ ਮਾਇਆ ਦੇਵੀ ਸੀ।

'ਤੁਸੀ ?' ਚੰਦਰ ਹੈਰਾਨਗੀ ਨਾਲ ਬੋਲਿਆ।

'ਕਿਉਂ—ਕੀ ਮੈਂ ਇਥੇ ਨਹੀਂ ਆ ਸਕਦੀ ?' ਮਾਇਆ ਦੇਵੀ ਕੁਰਸੀ ਤੇ ਬੈਠਦੀ ਹੋਈ ਬੋਲੀ।

'ਉਹ- ਮੇਰੇ ਕਹਿਣ ਦਾ ਮਤਲਬ ਇਹ ਨਹੀਂ ਸੀ।' ਚੰਦਰ ਬੋਲਿਆ।

'ਚੰਦਰ, ਮੈਂ ਤੇਰੇ ਨਾਲ ਇਕ ਖਾਸ ਗਲ ਕਰਨ ਆਈ ਹਾਂ।' ਮਾਇਆ ਦੇਵੀ ਨੇ ਕਿਹਾ। ਚੰਦਰ ਕੁਝ ਨਾ ਬੋਲਿਆ। ਉਹ ਮਾਇਆ ਦੇਵੀ ਦੇ ਮੂੰਹ ਵਲ ਵੇਖਣ ਲਗ ਪਿਆ।

ਮਾਇਆ ਦੇਵੀ ਕੁਝ ਚਿਰ ਚੁਪ ਰਹੀ ਤੇ ਫਿਰ ਚੰਦਰ ਵਲ ਵੇਖਦੀ ਹੋਈ ਬੋਲੀ, 'ਮੈਨੂੰ ਇਸ ਚੀਜ਼ ਦਾ ਪਤਾ ਹੈ ਕਿ ਰਜਨੀ ਤੇ ਤੂੰ ਇਕ ਦੂਜੇ ਤੋਂ ਬਿਨਾਂ ਜ਼ਿੰਦਾ ਨਹੀ ਰਹਿ ਸਕਦੇ। ਸੇਠ ਜੀ ਆਪਣੀ ਜਗ੍ਹਾ ਤੇ ਚੱਟਾਨ ਵਾਂਗ ਅਟੱਲ ਹਨ। ਸਮਝ ਨਹੀਂ ਆਉਂਦੀ ਕੀ ਕਰਾਂ।'

'ਮਾਇਆ ਦੇਵੀ......।' ਚੰਦਰ ਕੁਝ ਕਹਿੰਦਾ ੨ ਰੁਕ ਗਿਆ ਤੇ ਫਿਰ ਉਸ ਵਲ ਵੇਖਦਾ ਹੋਇਆ ਬੋਲਿਆ, 'ਚੰਦਰ ਨੇ ਅਜ ਤਕ ਭੀਖ ਨਹੀਂ ਮੰਗੀ। ਜੋ ਚੀਜ਼ ਉਸਨੂੰ ਸਿਧੀ ਤਰ੍ਹਾਂ ਨਹੀਂ ਮਿਲਦੀ ਉਸਨੂੰ ਖੋਹ ਲੈਣ ਦੀ ਵੀ ਸ਼ਕਤੀ ਰਖਦਾ ਹੈ।'

'ਨਹੀਂ ਚੰਦਰ, ਮੈਂ ਤੈਨੂੰ ਇਸਦੀ ਇਜਾਜ਼ਤ ਨਹੀਂ ਦੇਵਾਂਗੀ। ਮੈਂ ਇਸ ਬਾਰੇ ਆਪ ਬੜੀ ਪਰੇਸ਼ਾਨ ਹਾਂ। ਮੇਰੀ ਹਾਲਤ ਤਾਂ ਉਸ ਮੁਸਾਫਰ ਵਰਗੀ ਹੈ ਜੋ ਦੋਰਾਹੇ ਤੇ ਆ ਕੇ ਰਸਤਾ ਭੁਲ ਗਿਆ ਹੋਵੇ। ਇਕ ਪਾਸੇ ਫਰਜ਼ ਹੈ ਤੇ ਦੂਜੇ ਪਾਸੇ ਅਧਿਕਾਰ........।'

'ਮਾਇਆ ਦੇਵੀ ! ਫਰਜ਼ ਤੇ ਅਧਿਕਾਰ ਨੂੰ ਆਪਣੀ ੨ ਜਗ੍ਹਾ ਤੇ ਰਹਿਣ ਦਿਓ। ਜਦ ਦੋਵੇਂ ਟਕਰਾ ਜਾਂਦੇ ਹਨ ਤਾਂ ਇਨਸਾਨ ਨੂੰ ਠੀਕ ਰਸਤਾ ਨਹੀਂ ਦਿਸਦਾ......।' ਚੰਦਰ ਨੇ ਮਾਇਆ ਦੇਵੀ ਨੂੰ ਸੰਬੋਧਨ ਕਰਦਿਆਂ ਕਿਹਾ ਤੇ ਉਠ ਕੇ ਉਹਦੇ ਸਾਮ੍ਹਣੇ ਵਾਲੀ ਕੁਰਸੀ ਤੇ ਬੈਠ

ਗਿਆ ਤੇ ਆਪਣਾ ਮੂੰਹ ਉਹਦੇ ਬਿਲਕੁਲ ਨੇੜੇ ਕਰਦਾ ਹੋਇਆ ਬੋਲਿਆ 'ਮਾਇਆ ਦੇਵੀ ! ਮੇਰੀਆਂ ਅਖਾਂ ਵਿਚ ਵੇਖੋ, ਤੁਹਾਨੂੰ ਕੀ ਦਿਸਦਾ ਹੈ ?'

'ਚੰਦਰ ! ਜੋ ਕੁਝ ਇਕ ਮਾਂ ਆਪਣੇ ਬਚੇ ਦੀਆਂ ਅਖਾਂ ਵਿਚ ਵੇਖ ਸਕਦੀ ਹੈ ਉਹੋ ਕੁਝ...... ।'

'ਮਾਇਆ ਦੇਵੀ ! ਦੁਨੀਆਂ ਵਿਚ ਮਾਂ ਤੇ ਪੁਤ੍ਰ ਦਾ ਜੋ ਵਿਸ਼ਵਾਸ ਹੈ ਉਹ ਹਿਮਾਲੀਆ ਵਾਂਗ ਅਟੱਲ ਹੈ ਜਿਸਨੂੰ ਹਵਾ ਦੇ ਥਪੇੜੇ ਨਹੀਂ ਹਿਲਾ ਸਕਦੇ । ਪਰ ਫਿਰ ਵੀ ਪਤਾ ਨਹੀਂ ਕਿਉਂ ਮੇਰਾ ਦਿਲ ਕਹਿ ਰਿਹਾ ਹੈ ਜੇ ਤੁਹਾਨੂੰ ਅਸਲੀ ਗਲ ਦਸ ਦਿਤੀ ਤਾਂ ਤੁਸੀ ਮੈਨੂੰ ਪਾਗਲ ਆਖੋਗੇ । ਤੁਸੀ ਆਖੋਗੇ ਬਦਲੇ ਦੀ ਭਾਵਨਾ ਨੇ ਚੰਦਰ ਦੇ ਦਿਮਾਗ ਦਾ ਸੰਤੁਲਨ ਵਿਗਾੜ ਦਿਤਾ ਹੈ । ਸਮਝ ਨਹੀਂ ਆਉਂਦੀ ਕੀ ਕਰਾਂ...... ।' ਕਹਿੰਦਿਆਂ ਚੰਦਰ ਨੇ ਦੀਵਾਰ ਦਾ ਸਹਾਰਾ ਲੈ ਲਿਆ ।

'ਚੰਦਰ ! ਮਾਂ ਆਪਣੇ ਬਚੇ ਤੇ ਇਤਬਾਰ ਨਾ ਕਰੇਗੀ ਤਾਂ ਹੋਰ ਕਿਸ ਤੇ ਕਰੇਗੀ ? ਤੂੰ ਬਿਨਾਂ ਝਿਜਕ ਆਪਣੇ ਦਿਲ ਦੀ ਗਲ ਦਸ ।'

'ਮੈਨੂੰ ਪੂਰਾ ਯਕੀਨ ਹੈ ਕਿ ਤੁਸੀ ਵਿਸ਼ਵਾਸ ਨਹੀਂ ਕਰੋਗੇ ।'

'ਚੰਦਰ–' ਮਾਇਆ ਦੇਵੀ ਨੇ ਉਹਨੂੰ ਖਿਚ ਕੇ ਆਪਣੇ ਸੀਨੇ ਨਾਲ ਲਾ ਲਿਆ, ਉਹਨੂੰ ਗੋਦ ਵਿਚ ਛੁਪਾ ਲਿਆ, ਉਹਨੂੰ ਬਾਹਵਾਂ ਵਿਚ ਕਸਦੀ ਹੋਈ ਬੋਲੀ– 'ਚੰਦਰ, ਜੇ ਤੈਨੂੰ ਮੇਰੀ ਗੋਦ ਚੋਂ ਇਕ ਮਾਂ ਦੀ ਮਮਤਾ ਮਿਲਦੀ ਹੈ, ਇਕ ਮਾਂ ਦਾ ਵਿਸ਼ਵਾਸ ਮਿਲਦਾ ਹੈ, ਨਿਸ਼ਕਾਮ ਪ੍ਰੇਮ ਦੀ ਗਰਮੀ ਨਾਲ ਤੇਰੇ ਖੂਨ ਦੀ ਚਾਲ ਤੇਜ਼ ਹੁੰਦੀ ਹੈ, ਤੂੰ ਅਨੁਭਵ ਕਰਦਾ ਏਂ ਕਿ ਇਕ ਮਾਂ ਦੀ ਗੋਦ ਵਿਚ ਬੈਠਾ ਏਂ ਤਾਂ ਜ਼ਰੂਰ ਆਪਣੇ ਦਿਲ ਦੀ ਗਲ ਦਸ ਦੇ ।'

'ਤਾਂ ਸੁਣੋ ਮਾਇਆ ਦੇਵੀ–' ਚੰਦਰ ਇਕ ਝਟਕੇ ਵਿਚ ਹੀ ਉਹਦੀ ਗੋਦ ਵਿਚੋਂ ਉਠ ਖੜਾ ਹੋਇਆ ਤੇ ਦ੍ਰਿੜ੍ਹ ਆਵਾਜ਼ ਵਿਚ ਬੋਲਿਆ,

'ਤੁਹਾਡੇ ਮਾਂ ਪਿਉ ਬਹੁਤ ਹੀ ਗਰੀਬ ਸਨ । ਤੁਹਾਡੇ ਪਿਤਾ ਜੀ ਨੇ ਸੇਠ ਜੀ ਅਰਥਾਤ ਤੁਹਾਡ ਪਤੀ ਦਾ ਬਹੁਤ ਸਾਰਾ ਕਰਜ਼ਾ ਦੇਣਾ ਸੀ। ਸੇਠ ਜੀ ਦੇ ਘੜੀ ੨ ਮੰਗਣ ਤੇ ਵੀ ਉਹ ਵਾਪਸ ਨਾ ਕਰ ਸਕੇ । ਸੇਠ ਜੀ ਨੇ ਤੁਹਾਡੇ ਪਿਤਾ ਜੀ ਨੂੰ ਕਿਹਾ ਜੇ ਆਪਣੀ ਲੜਕੀ ਦੀ ਸ਼ਾਦੀ ਮੇਰੇ ਨਾਲ ਕਰ ਦਿਉ ਤਾਂ ਸਾਰੇ ਪੈਸੇ ਮਾਫ ਕਰ ਦਿਆਂਗਾ...... ।

ਮਜਬੂਰੀ ਵਿਚ ਤੁਹਾਡੇ ਪਿਤਾ ਜੀ ਨੇ ਹਾਂ ਕਰ ਦਿਤੀ... । ਇਹ ਵੀ ਦਸ ਦਿਆਂ ਕਿ ਤੁਸੀ ਇਕ ਬਚਪਨ ਦੇ ਸਾਥੀ ਨਾਲ ਪਿਆਰ ਕਰਦੇ ਸੀ, ਇਕੱਠੇ ਮਰਨ ਜੀਣ ਦਾ ਵਹਿਦਾ ਕੀਤਾ ਹੋਇਆ ਸੀ । ਤੁਸੀ ਲਖ ਰੋਏ, ਲੱਖ ਛਟਪਟਾਏ ਪਰ ਤੁਹਾਡੀਆਂ ਸਿਸਕੀਆਂ ਦਾ ਕੋਈ ਅਸਰ ਨਾ ਹੋਇਆ । ਤੁਹਾਡੇ ਜਜ਼ਬਾਤਾਂ ਨੂੰ ਕਿਸੇ ਨੇ ਨਾ ਵੇਖਿਆ...... ।

ਤੁਹਾਡਾ ਅਰਥਾਤ ਇਕ ਸੋਲਾਂ ਸਾਲ ਦੀ ਲੜਕੀ ਦਾ ਵਿਆਹ ਪੰਜਾਹ ਸਾਲ ਦੇ ਬੁਢੇ ਨਾਲ ਕਰ ਦਿਤਾ ਗਿਆ...... ।'

'ਪਰ ਚੰਦਰ—' ਮਾਇਆ ਦੇਵੀ ਨੇ ਬੋਲਣ ਲਈ ਮੂੰਹ ਤਾਂ ਖੋਲ੍ਹਿਆ ਪਰ ਉਹਨੂੰ ਇਸ ਤਰ੍ਹਾਂ ਅਨੁਭਵ ਹੋਇਆ ਜਿਸ ਤਰ੍ਹਾਂ ਜ਼ਬਾਨ ਲਕਵਾ ਮਾਰ ਗਈ ਹੋਵੇ । ਉਹਦਾ ਸੀਨਾ ਕਿਸੇ ਧੋਂਕਨੀ ਵਾਂਗ ਉਚਾ ਨੀਵਾਂ ਹੋ ਰਿਹਾ ਸੀ ।

'ਵਿਚ ਨਾ ਟੋਕੋ ਮਾਇਆ ਦੇਵੀ—' ਚੰਦਰ ਤੜਫ ਕੇ ਬੋਲਿਆ' 'ਪਹਿਲਾਂ ਪੂਰੀ ਗਲ ਕਰ ਲੈਣ ਦਿਉ ।'

ਉਹ ਕੁਝ ਚਿਰ ਮਾਇਆ ਦੇਵੀ ਨੂੰ ਘੂਰਦਾ ਰਿਹਾ ਤੇ ਫਿਰ ਬੋਲਿਆ, 'ਜਿਸ ਰਾਤ ਤੁਹਾਡੀ ਸ਼ਾਦੀ ਹੋਈ ਉਸੀ ਰਾਤ ਤੁਹਾਡਾ ਪਤੀ ਹਵਾਈ ਜਹਾਜ਼ ਰਾਹੀਂ ਵਲੈਤ ਚਲਾ ਗਿਆ । ਸਵੇਰੇ ਖਬਰ ਆਈ ਕਿ ਜਿਸ ਜਹਾਜ਼ ਤੇ ਤੁਹਾਡਾ ਪਤੀ ਗਿਆ ਸੀ ਉਸਨੂੰ ਅਗ ਲਗ ਗਈ ਹੈ ਤੇ ਬਹੁਤ ਸਾਰੇ ਮੁਸਾਫਰ ਅਗ ਦੀ ਲਪੇਟ ਵਿਚ ਆ ਗਏ ਹਨ । ਇਸ ਘਟਨਾ ਤੇ ਤੁਸੀ ਬੜੇ ਖੁਸ਼ ਹੋਏ । ਇਕ ਦਿਨ ਰਾਤ ਨੂੰ ਤੁਹਾਡਾ ਪ੍ਰੇਮੀ

ਆਇਆ। ਤੁਸੀ ਸਾਰੇ ਜ਼ੇਵਰ ਤੇ ਨਕਦੀ ਲੈ ਕੇ ਉਸ ਨਾਲ ਨਸ ਜਾਣ ਦੀ ਯੋਜਨਾ ਵੀ ਬਣਾਈ ਜਿਸਨੂੰ ਰਜਨੀ ਨੇ ਫੇਲ ਕਰ ਦਿਤਾ।

ਇਕ ਦਿਨ ਤੁਸੀ ਐਸਾ ਅਜੀਬ ਦ੍ਰਿਸ਼ ਵੇਖਿਆ ਕਿ ਅਖਾਂ ਤੇ ਯਕੀਨ ਨਾ ਆਇਆ। ਤੁਸੀ ਤਾਂ ਇਹ ਸਮਝੀ ਬੈਠੇ ਸੀ ਕਿ ਸੇਠ ਜੀ ਮਰ ਚੁਕੇ ਹਨ ਪਰ ਉਹ ਜ਼ਿੰਦਾ ਵਾਪਸ ਆ ਗਏ। ਐਕਸੀਡੈਂਟ ਵੇਲੇ ਉਨ੍ਹਾਂ ਦੀ ਇਕ ਲਤ ਬਿਲਕੁਲ ਨਕਾਰਾ ਹੋ ਗਈ ਸੀ ਤੇ ਡਾਕਟਰਾਂ ਨੇ ਕਟ ਦਿਤੀ ਸੀ।

'ਬਸ ਚੰਦਰ... ਮੈਂ ਇਸ ਤੋਂ ਜ਼ਿਆਦਾ ਹੋਰ ਕੁਝ ਨਹੀਂ ਸੁਣ ਸਕਦੀ...।'

'ਬਸ ਕਰ ਦਿਆਂ ?' ਚੰਦਰ ਉਹਨੂੰ ਘੂਰਦਾ ਹੋਇਆ ਬੋਲਿਆ, 'ਹਾਲਾਂ ਤਾਂ ਭੂਮਕਾ ਹੀ ਬਝੀ ਹੈ। ਗਲ ਤਾਂ ਹਾਲਾਂ ਸ਼ੁਰੂ ਹੀ ਨਹੀਂ ਹੋਈ। ਮੈਂ ਤਾਂ ਤੁਹਾਨੂੰ ਐਸੀ ਗਲ ਦਸਣ ਵਾਲਾ ਹਾਂ ਜਿਸਨੂੰ ਸੁਣਕੇ ਤੁਹਾਡੇ ਦਮਾਗ ਦੀਆਂ ਨਾੜਾਂ ਫਟ ਜਾਣਗੀਆਂ, ਕੰਨਾਂ ਦੇ ਪਰਦੇ ਫਟ ਜਾਣਗੇ, ਇਸ ਤਰ੍ਹਾਂ ਅਨੁਭਵ ਕਰੋਗੇ ਜਿਸ ਤਰ੍ਹਾਂ ਤੁਹਾਡੇ ਸਰੀਰ ਦੀਆਂ ਮਾਸ ਪੇਸ਼ੀਆਂ ਜਮੂਰਾਂ ਨਾਲ ਖਿਚੀਆਂ ਜਾ ਰਹੀਆਂ ਹਨ, ਜਿਸਮ ਵਿਚ ਖ਼ੂਨ ਨਹੀਂ ਬਲਕਿ ਤੇਜ਼ਾਬ ਦੌਰਾ ਕਰ ਰਿਹਾ ਹੈ, ਅਖਾਂ ਦੀ ਰੋਸ਼ਨੀ ਚਲੀ ਗਈ ਹੈ, ਕੰਨਾਂ ਚੋਂ ਸੁਣਨ ਦੀ ਸ਼ਕਤੀ ਚਲੀ ਗਈ ਹੈ, ਪਸਲੀਆਂ ਇਸ ਤਰ੍ਹਾਂ ਕੜਕੜਾ ਰਹੀਆਂ ਹਨ ਜਿਸ ਤਰ੍ਹਾਂ ਹੁਣੇ ਟੁਟ ਜਾਣਗੀਆਂ...।'

'ਚੰਦਰ ਤੂੰ ਕਹਿਣਾ ਕੀ ਚਾਹੁੰਦਾ ਏਂ ?' ਮਾਇਆ ਦੇਵੀ ਅਧੀਰਤਾ ਨਾਲ ਆਪਣੇ ਸੁਕੇ ਬੁਲ੍ਹਾਂ ਤੇ ਜ਼ਬਾਨ ਫੇਰਦੀ ਹੋਈ ਬੋਲੀ।

'ਤਾਂ ਸੁਣੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸਨੂੰ ਤੁਸੀ ਆਪਣਾ ਪਤੀ ਸਮਝੀ ਬੈਠੇ ਹੋ, ਰਜਨੀ ਆਪਣਾ ਪਿਤਾ ਸਮਝਦੀ ਹੈ, ਉਹ ਤੁਹਾਡਾ ਕੁਝ ਵੀ ਨਹੀਂ ਲਗਦਾ। ਉਹ ਤਾਂ ਜੇਲ੍ਹ ਤੋਂ ਨਸਿਆ ਹੋਇਆ ਇਕ ਮੁਜਰਮ ਹੈ।'

'ਚੰਦਰ !' ਮਾਇਆ ਦੇਵੀ ਯਕਦਮ ਖੜੀ ਹੋ ਗਈ ਤੇ ਉਹਨੂੰ ਸੰਬੋਧਨ ਕਰਦੀ ਹੋਈ ਬੋਲੀ– 'ਉਹ ਮੇਰਾ ਪਤੀ ਹੈ, ਮੇਰੇ ਤੋਂ ਵਧ ਉਹਨੂੰ ਹੋਰ ਕੌਣ ਜਾਣ ਸਕਦਾ ਹੈ ? ਉਹੋ ਚੇਹਰਾ ਉਹੋ ਆਦਤਾਂ। ਮੈਂ ਕਿਸ ਤਰ੍ਹਾਂ ਵਿਸ਼ਵਾਸ ਕਰ ਲਵਾਂ ਕਿ ਉਹ ਮੇਰਾ ਪਤੀ ਨਹੀਂ........?'

'ਮਾਇਆ ਦੇਵੀ, ਇਸਨੂੰ ਇਸ ਤਰ੍ਹਾਂ ਸਮਝੋ– 'ਮਦਨ ਨਾਂ ਦਾ ਇਕ ਕੈਦੀ ਹੈ ਜਿਸਦੀ ਸ਼ਕਲ ਬਿਲਕੁਲ ਤੁਹਾਡੇ ਪਤੀ ਨਾਲ ਮਿਲਦੀ ਹੈ। ਉਹ ਜੇਲ੍ਹ ਤੋਂ ਨਸ ਆਇਆ ਹੈ। ਪੋਲੀਸ ਉਹਦੇ ਮਗਰ ਪਈ ਹੋਈ ਹੈ। ਇਧਰ ਜਹਾਜ਼ ਦੇ ਐਕਸੀਡੈਂਟ ਵਾਲੀ ਘਟਨਾ ਸਾਮ੍ਹਣੇ ਆਉਂਦੀ ਹੈ। ਮਦਨ ਤੇ ਤੁਹਾਡੇ ਪਤੀ ਵਿਚ ਕੇਵਲ ਇਤਨਾ ਅੰਤਰ ਹੈ ਕਿ ਕੁਦਰਤੀ ਤੋਰ ਤੇ ਦੋਹਾਂ ਦੀਆਂ ਸ਼ਕਲਾਂ ਤਾਂ ਇਕੋ ਜਹੀਆਂ ਹਨ ਪਰ ਮਦਨ ਦੀ ਇਕ ਲਤ ਸ਼ੁਰੂ ਤੋਂ ਹੀ ਨਹੀਂ ਹੈ।

ਮਦਨ ਤੁਹਾਡੇ ਘਰ ਆ ਗਿਆ ਤੇ ਕਹਿਣ ਲਗਾ ਇਸ ਘਰ ਦਾ ਮੈਂ ਹੀ ਮਾਲਕ ਹਾਂ। ਚੂੰ ਕਿ ਦੋਹਾਂ ਦੀਆਂ ਸ਼ਕਲਾਂ ਵਿਚ ਕੋਈ ਫਰਕ ਨਹੀਂ ਸੀ ਇਸ ਲਈ ਤੁਸੀ ਸ਼ਕ ਨਾ ਕਰ ਸਕੇ। ਮਦਨ ਨੇ ਇਕ ਪਥਰ ਨਾਲ ਦੋ ਸ਼ਿਕਾਰ ਮਾਰੇ। ਉਹ ਇਕ ਤਾਂ ਪੋਲੀਸ ਦੀਆਂ ਨਜ਼ਰਾਂ ਤੋਂ ਬਚ ਗਿਆ ਤੇ ਦੂਜਾ ਲਖਾਂ ਰੁਪਿਆਂ ਦੀ ਜਾਇਦਾਦ ਦਾ ਮਾਲਕ ਬਣ ਗਿਆ। ਆਪਣੀ ਲਤ ਬਾਰੇ ਉਸਨੇ ਇਹ ਕਹਿ ਦਿਤਾ ਕਿ ਐਕਸੀਡੈਂਟ ਵੇਲੇ ਕਟੀ ਗਈ ਹੈ।'

'ਚੰਦਰ, ਮੈਨੂੰ ਤੇਰੀ ਇਸ ਬਚਗਾਨਾ ਗਲ ਤੇ ਹਾਸਾ ਆ ਰਿਹਾ ਹੈ। ਇਕ ਮਿੰਟ ਲਈ ਮੰਨ ਵੀ ਲਉ ਕਿ ਉਹ ਮੇਰਾ ਨਕਲੀ ਪਤੀ ਹੈ।, ਫਿਰ ਉਹਨੇ ਰਜਨੀ ਨੂੰ ਅਗ ਚੋਂ ਬਚਾਣ ਲਈ ਇਤਨਾ ਰੋਲਾ ਕਿਉ ਪਾਇਆ' 'ਉਹ ਇਸ ਲਈ ਕਿ ਤੁਹਾਡੇ ਅਸਲੀ ਪਤੀ ਨੇ ਸਾਰੀ ਜਾਇਦਾਦ ਰਜਨੀ ਦੇ ਨਾਂ ਲਿਖ ਕੇ ਵਸੀਅਤ ਵਿਚ ਇਹ ਲਿਖ ਦਿਤਾ ਸੀ ਕਿ ਇਸ ਜਾਇਦਾਦ ਦਾ ਹੁਣ ਮੇਰੇ ਨਾਲ ਕੋਈ ਸੰਬੰਧ ਨਹੀਂ। ਇਹ ਜਾਇਦਾਦ

ਰਜਨੀ ਨੂੰ ਉਸ ਵੇਲੇ ਦੇ ਦਿਤੀ ਜਾਏ ਜਦ ਕਿ ਉਸਦਾ ਵਿਆਹ ਹੋ ਜਾਏ। ਜੇ ਰਜਨੀ ਜ਼ਿੰਦਾ ਨਾ ਰਹਿੰਦੀ ਤਾਂ ਜ਼ਰੂਰੀ ਸੀ ਕਿ ਮਦਨ ਜਾਇਦਾਦ ਨੂੰ ਦੁਬਾਰਾ ਆਪਣੇ ਨਾਂ ਕਰਾਂਦਾ। ਐਸੀ ਹਾਲਤ ਵਿਚ ਉਹਨੂੰ ਵਕੀਲ ਕੋਲ ਜਾਣਾ ਪੈਂਦਾ ਤੇ ਕਈ ਕਿਸਮ ਦੀਆਂ ਨਵੀਆਂ ਉਲਝਣਾਂ ਪਦਾ ਹੋ ਜਾਂਦੀਆਂ। ਮਦਨ ਨੇ ਰਜਨੀ ਨੂੰ ਇਸ ਲਈ ਬਚਾਇਆ ਕਿ ਉਹਦੀ ਸ਼ਾਦੀ ਕਿਸੇ ਐਸੇ ਆਦਮੀ ਨਾਲ ਕਰ ਦੇਵੇ ਜੋ ਉਹਦੀ ਮੁਠੀ ਵਿਚ ਰਹੇ। ਇਸ ਤਰ੍ਹਾਂ ਮਦਨ ਸਾਰੀ ਉਮਰ ਤੁਹਾਡੀ ਦੌਲਤ ਤੇ ਐਸ਼ ਕਰਦਾ ਰਹਿੰਦਾ ਤੇ ਪੋਲੀਸ ਦੀਆਂ ਨਜ਼ਰਾਂ ਤੋਂ ਬਚਿਆ ਰਹਿੰਦਾ......।'

ਚੰਦਰ ਦੀਆਂ ਗਲਾਂ ਦਾ ਅਸਰ ਇਹ ਹੋਇਆ ਕਿ ਮਾਇਆ ਦੇਵੀ ਦੋ ਦਲੀਲਾਂ ਵਿਚ ਪੈ ਗਈ। ਪਰ ਫਿਰ ਵੀ ਉਹਦਾ ਦਿਲ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਸੇਠ ਜੀ ਉਹਦੇ ਨਕਲੀ ਪਤੀ ਹਨ। ਮਾਇਆ ਦੇਵੀ ਕੁਝ ਚਿਰ ਸੋਚਦੀ ਰਹੀ ਤੇ ਫਿਰ ਚੰਦਰ ਵਲ ਵੇਖਦੀ ਹੋਈ ਬੋਲੀ, 'ਇਨ੍ਹਾਂ ਸਾਰੀਆਂ ਗਲਾਂ ਦਾ ਤੇਰੇ ਕੋਲ ਕੀ ਸਬੂਤ ਹੈ?'

'ਮਾਇਆ ਦੇਵੀ, ਮੇਰੇ ਕੋਲ ਇਤਨਾ ਵਡਾ ਸਬੂਤ ਹੈ ਕਿ ਤੁਸੀ ਮੇਰੀ ਗਲ ਮੰਨਣ ਤੋਂ ਇਨਕਾਰ ਨਹੀਂ ਕਰ ਸਕੋਗੇ।'

'ਕੀ?'

'ਤੁਹਾਡਾ ਅਸਲੀ ਪਤੀ।'

'ਕੀ ਮਤਲਬ?' ਮਾਇਆ ਦੇਵੀ ਚੌਂਕ ਕੇ ਬੋਲੀ।'

ਚੰਦਰ ਨੇ ਮਾਇਆ ਦੇਵੀ ਦੇ ਚੇਹਰੇ ਵਲ ਗੌਰ ਨਾਲ ਵੇਖਿਆ। ਉਹਦੇ ਚੇਹਰੇ ਤੇ ਅਧੀਰਤਾ ਦੀਆਂ ਰੇਖਾਵਾਂ ਸਨ। ਚੰਦਰ ਕੁਝ ਚਿਰ ਖਾਮੋਸ਼ ਰਿਹਾ ਤੇ ਫਿਰ ਉਸ ਵਲ ਵੇਖਦਿਆਂ ਬੋਲਿਆ, ਇਕ ਦਿਨ ਮੇਰੇ ਕੋਲ ਇਕ ਆਦਮੀ ਆਇਆ ਤੇ ਕਹਿਣ ਲਗਾ ਮੈ ਦੋ ਦਿਨ ਦਾ ਭੁਖਾ ਹਾਂ। ਮੈਂ ਉਸਨੂੰ ਰੋਟੀ ਲਈ ਪੈਸੇ ਦਿਤੇ ਤੇ ਕਿਹਾ ਭੀਖ ਮੰਗਣਾ ਬੁਰੀ ਚੀਜ਼ ਹੈ ਤੈਨੂੰ ਐਸਾ ਕੰਮ ਨਹੀਂ ਕਰਨਾ ਚਾਹੀਦਾ। ਮੇਰੀ ਇਹ ਗਲ ਸੁਣ

ਕੇ ਉਹ ਰੋ ਪਿਆ ਤੇ ਆਪਣੀ ਰਾਮ ਕਹਾਣੀ ਸੁਣਾ ਕੇ ਦਸਿਆ ਕਿ ਉਹ ਇਸ ਸ਼ਹਿਰ ਦਾ ਸਭ ਤੋਂ ਵਡਾ ਅਮੀਰ ਹੈ। ਜਹਾਜ਼ ਵਾਲੀ ਘਟਨਾ ਤੋਂ ਬਾਦ ਜਦ ਆਪਣੀ ਕੋਠੀ ਵਿਚ ਗਿਆ ਤਾਂ ਆਪਣੀ ਹੀ ਸ਼ਕਲ ਦਾ ਦੂਜਾ ਆਦਮੀ ਵੇਖ ਕੇ ਦੰਗ ਰਹਿ ਗਿਆ। ਉਹ ਸਮਝ ਗਿਆ ਕਿ ਕਿਸੇ ਨੇ ਉਹਦੇ ਹਮ-ਸ਼ਕਲ ਹੋਣ ਦਾ ਨਾਜਾਇਜ਼ ਲਾਭ ਉਠਾਇਆ ਹੈ। ਉਸਨੇ ਆਪਣੀ ਪਤਨੀ ਦਾ ਨਾਂ ਮਾਇਆ ਦੇਵੀ ਤੇ ਲੜਕੀ ਦਾ ਨਾਂ ਰਜਨੀ ਦਸਿਆ ਹੈ.....।'

'ਐਸੀ ਹਾਲਤ ਵਿਚ ਉਹਨੇ ਪੋਲੀਸ ਦੀ ਮਦਦ ਕਿਉਂ ਨ ਲਈ ?' ਮਾਇਆ ਦੇਵੀ ਨੇ ਆਪਣੇ ਦਿਲ ਦਾ ਸ਼ਕ ਦੂਰ ਕਰਨ ਲਈ ਪੁਛਿਆ।

'ਇਹ ਗਲ ਉਸਨੂੰ ਮੈਂ ਵੀ ਪੁਛੀ ਸੀ।' ਚੰਦਰ ਨੇ ਅਗੇ ਦਸਿਆ, 'ਪਰ ਅਗ ਲਗਣ ਕਰਕੇ ਉਹਦਾ ਮੂੰਹ ਝੁਲਸ ਗਿਆ ਹੈ। ਐਸੀ ਹਾਲਤ ਵਿਚ ਜੇ ਉਹ ਪੋਲੀਸ ਕੋਲ ਜਾਂਦਾ ਤਾਂ ਉਹ ਉਹਨੂੰ ਪਾਗਲ ਹੀ ਸਮਝਦੇ ਕਿਉਂਕਿ ਅਗ ਲਗਣ ਕਰਕੇ ਉਹਦਾ ਚੇਹਰਾ ਵਿਗੜ ਗਿਆ ਹੈ।'

'ਚੰਦਰ, ਤੂੰ ਮੇਰੇ ਤੇ ਇਕ ਐਹਸਾਨ ਕਰ ਸਕਦਾ ਏਂ ?'

'ਦਸੋ।'

'ਤੂੰ ਮੈਨੂੰ ਮੇਰੇ ਪਤੀ ਨਾਲ ਮਿਲਾ ਦੇ।'

'ਮਾਇਆ ਦੇਵੀ, ਇਹ ਤਾਂ ਬਾਅਦ ਦੀਆਂ ਗਲਾਂ ਹਨ। ਪਹਿਲਾਂ ਤਾਂ ਮਦਨ ਨੂੰ ਕਾਬੂ ਕਰਨਾ ਜ਼ਰੂਰੀ ਹੈ।'

'ਉਫ਼-ਕੁਝ ਸਮਝ ਨਹੀਂ ਆਉਂਦਾ।' ਮਾਇਆ ਦੇਵੀ ਸਿਰ ਪਕੜ ਕੇ ਬੈਠ ਗਈ।

'ਮਾਇਆ ਦੇਵੀ, ਤੁਹਾਡਾ ਇਸ ਵੇਲੇ ਕੋਠੀ ਜਾਣਾ ਠੀਕ ਨਹੀਂ। ਤੁਸੀ ਇਥੇ ਹੀ ਠਹਿਰੋ। ਮੈਂ ਜਾ ਕੇ ਸਾਰੇ ਹਾਲਾਤਾਂ ਤੇ ਕਾਬੂ ਪਾਂਦਾ ਹਾਂ।' ਕਹਿੰਦਾ ਹੋਇਆ ਚੰਦਰ ਕਾਹਲੀ ਨਾਲ ਬਾਹਰ ਨਿਕਲ ਗਿਆ।

ਮਾਇਆ ਦੇਵੀ ਬੜੀ ਬੇਚੈਨੀ ਨਾਲ ਕਮਰੇ ਦੇ ਇਕ ਸਿਰੇ ਤੋਂ

ਦੂਜੇ ਸਿਰੇ ਤਕ ਟਹਿਲ ਰਹੀ ਸੀ । ਉਹਦਾ ਦਿਲ ਗਵਾਹੀ ਦੇ ਰਿਹਾ ਸੀ ਕਿ ਅਜ ਕੁਝ ਹੋ ਕੇ ਰਹੇਗਾ । ਡਰ ਦੇ ਕਾਰਣ ਉਹਦਾ ਸਾਰਾ ਜਿਸਮ ਕੰਬ ਰਿਹਾ ਸੀ ਇਸ ਲਈ ਕਾਹਲੀ ਨਾਲ ਦਰਵਾਜ਼ਾ ਬੰਦ ਕਰਕੇ ਕੁਰਸੀ ਤੇ ਬੈਠ ਗਈ ਤੇ ਆਪਣੇ ਦਿਲ ਦੀਆਂ ਧੜਕਨਾਂ ਨੂੰ ਕਾਬੂ ਕਰਨ ਲਈ ਦਿਲ ਨੂੰ ਦੋਹਾਂ ਹਥਾਂ ਵਿਚ ਕਸ ਕੇ ਦਬਾ ਲਿਆ ।

● ● ●

ਅਚਾਨਕ ਕਿਸੇ ਦੇ ਦਰਵਾਜ਼ਾ ਖਟਖਟਾਣ ਦੀ ਆਵਾਜ਼ ਆਈ । ਮਾਇਆ ਦੇਵੀ ਸਮਝ ਗਈ ਕਿ ਚੰਦਰ ਵਾਪਸ ਆ ਗਿਆ ਹੋਵੇਗਾ । ਉਹਨੇ ਦਰਵਾਜ਼ਾ ਖੋਲ੍ਹ ਦਿਤਾ ।

ਪਰ ਆਉਣ ਵਾਲਾ ਮਦਨ ਸੀ ।

‘ਤੂ–ਤੂੰ......ਧੋਖੇਬਾਜ਼......!’ ਮਾਇਆ ਦੇਵੀ ਪਿਛੇ ਹਟਦੀ ਹੋਈ ਬੋਲੀ, ‘–ਤੂੰ ਨਾ ਸਿਰਫ ਸਾਡੇ ਪੈਸੇ ਤੋਂ ਨਾਜਾਇਜ਼ ਫਾਇਦਾ ਉਠਾਇਆ ਹੈ ਬਲਕਿ ਮੇਰੀ ਮਾਂਗ ਵਿਚ ਸੰਧੂਰ ਦੀ ਥਾਂ ਸਵਾਹ ਭਰੀ ਹੈ । ਚਲਾ ਜਾ ਇਥੋਂ.......ਮੇਰੀ ਦੁਨੀਆਂ ਤਾਂ ਉਜਾੜ ਚੁਕਾ ਏਂ, ਹੁਣ ਕੀ ਲੈਣ ਆਇਆ ਏਂ......?’

‘ਸੁਣ–’ ਮਦਨ ਦੀਆਂ ਅਖਾਂ ਗੁਸੇ ਨਾਲ ਲਾਲ ਹੋ ਗਈਆਂ । ਉਹਨੇ ਆਪਣੇ ਦੋਵੇਂ ਹਥ ਮਾਇਆ ਦੇਵੀ ਦੇ ਮੋਢਿਆਂ ਤੇ ਰਖ ਦਿਤੇ ਤੇ ਉਹਦੀਆਂ ਅਖਾਂ ਵਿਚ ਵੇਖਦਿਆਂ ਇਕ ੨ ਲਫਜ਼ ਤੇ ਜ਼ੋਰ ਦੇਂਦਾ ਹੋਇਆ ਬੋਲਿਆ, ‘–ਜੋ ਮੇਰੇ ਪੇਟ ਤੇ ਲਤ ਮਾਰਦਾ ਹੈ ਉਹ ਦੂਜੇ ਦਿਨ ਦਾ ਸੂਰਜ ਨਹੀਂ ਵੇਖ ਸਕਦਾ ਉਸ ਨਾਦਾਨ ਛੋਕਰੇ ਨੇ ਜਾਣ ਬੁਝ ਕੇ ਜ਼ਖਮੀ ਸ਼ੇਰ ਦੇ ਮੂੰਹ ਵਿਚ ਹਥ ਪਾਇਆ ਹੈ, ਉਸਨੇ ਆਪਣੀ ਮੌਤ ਨੂੰ ਵਕਤ ਤੋਂ ਪਹਿਲਾਂ ਬੁਲਾ ਲਿਆ ਹੈ । ਸ਼ਾਇਦ ਉਸਨੂੰ ਜਾਨ ਪਿਆਰੀ ਨਹੀਂ ਸੀ ਜੁ ਮੇਰੇ ਨਾਲ ਕੋਠੀ ਤੇ ਲੜਨ ਚਲਾ ਗਿਆ । ਜਾਣਦੀ ਏਂ ਹੁਣ ਕੀ

ਹੋਏਗਾ ? ਮੈਂ ਚੰਦਰ ਤੇ ਰਜਨੀ ਨੂੰ ਇਕ ਕਮਰੇ ਵਿਚ ਬੰਦ ਕਰ ਆਇਆ ਹਾਂ ਤੇ ਕੋਠੀ ਵਿਚ ਟਾਈਮ ਬੰਬ ਰਖ ਆਇਆ ਹਾਂ...।

ਹਾ-ਹਾ-ਹਾ–' ਅਧੇ ਘੰਟੇ ਬਾਅਦ ਜਾਣਦੀ ਏਂ ਕੀ ਹੋਏਗਾ ? ਨਾ ਚੰਦਰ ਰਹੇਗਾ, ਨਾ ਰਜਨੀ ਤੇ ਨਾ ਤੁਹਾਡੀ ਕੋਠੀ... ।'

ਰਬ ਦੇ ਨਾਂ ਤੇ ਤਰਸ ਖਾ ਜ਼ਲੀਲ ਇਨਸਾਨ ! ਮੈਨੂੰ ਇਥੋਂ ਜਾਣ ਦੇ ।' ਮਾਇਆ ਦੇਵੀ ਦਰਵਾਜ਼ੇ ਵਲ ਦੌੜਦੀ ਹੋਈ ਬੋਲੀ ।

'ਨਹੀਂ–!' ਮਦਨ ਜ਼ੋਰ ਨਾਲ ਗਰਜਿਆ । '–ਹਰ ਉਹ ਚੀਜ਼ ਜਿਸਦੇ ਕਾਰਣ ਮਦਨ ਨੂੰ ਹਾਰ ਦਾ ਮੂੰਹ ਵੇਖਣਾ ਪੈਂਦਾ ਹੈ ਨਸ਼ਟ ਕਰ ਦਿਤੀ ਜਾਂਦੀ ਹੈ । ਇਹੋ ਮੇਰਾ ਸਿਧਾਂਤ ਹੈ ।'

'ਮੈਂ ਤੇਰਾ ਕੀ ਵਿਗਾੜਿਆ ਹੈ......?'

ਮੇਰੇ ਕੋਲ ਫਜ਼ੂਲ ਬਕਵਾਸ ਸੁਣਨ ਲਈ ਵਕਤ ਨਹੀਂ । ਬਸ, ਇਹ ਮੇਰਾ ਸਿਧਾਂਤ ਹੈ ਕਿ ਆਪਣੇ ਰਸਤੇ ਵਿਚ ਰੁਕਾਵਟ ਪਾਣ ਵਾਲੀ ਹਰ ਚੀਜ਼ ਨੂੰ ਠੋਕਰ ਮਾਰ ਕੇ ਐਸੀ ਜਗ੍ਹਾ ਪਹੁੰਚਾ ਦੇਂਦਾ ਹਾਂ ਜਿਥੋਂ ਉਹ ਦੁਬਾਰਾ ਨਹੀਂ ਉਠ ਸਕਦੀ ।'

ਤੂੰ ਮੈਨੂੰ ਜਾਨੋਂ ਮਾਰ ਦੇਵੇਂਗਾ........?' ਮਾਇਆ ਦੇਵੀ ਕੰਬਦੀ ਹੋਈ ਬੋਲੀ ।

'ਹਾ ! ਹਾ !! ਹਾ !!! ਮਾਇਆ ਦੇਵੀ ਅਥਰੂ ਪੂੰਝ ਦੇ । ਦੁਨੀਆਂ ਵਿਚ ਮੈਨੂੰ ਸਿਰਫ ਇਕ ਚੀਜ਼ ਤੋਂ ਨਫਰਤ ਹੈ, ਤੇ ਉਹ ਹਨ– 'ਅਥਰੂ !' ਤੂੰ ਮੌਤ ਦਾ ਨਾਂ ਸੁਣ ਕੇ ਰੋ ਕਿਉਂ ਪਈ ਏਂ ? ਮਰਨ ਤੋਂ ਤਾਂ ਤੈਨੂੰ ਕੋਈ ਰੋਕ ਨਹੀਂ ਸਕਦਾ । ਮੈਂ ਜ਼ਿੰਦਗੀ ਨੂੰ ਕੋਈ ਮਹੱਤਵ ਨਹੀਂ ਦੇਂਦਾ । ਮੌਤ ਤਾਂ ਜ਼ਰੂਰ ਆਏਗੀ । ਅਜ ਨਹੀਂ ਤਾਂ ਕਲ । ਫਿਰ ਕਲ ਦੇ ਬਜਾਏ ਅਜ ਮਰਨ ਵਿਚ ਕਿਉਂ ਘਬਰਾ ਰਹੀ ਏਂ ?'

'ਮਦਨ-' ਮਾਇਆ ਦੇਵੀ ਇਤਨਾ ਕਹਿਕੇ ਯਕਦਮ ਚੁਪ ਹੋ ਗਈ ਤੇ ਫਿਰ ਉਹਨੂੰ ਸੰਬੋਧਨ ਕਰਦੀ ਹੋਈ ਬੋਲੀ–

'ਮੈਂ ਤੇਰੇ ਨਾਲ ਇਕ ਸੌਦਾ ਕਰਨਾ ਚਹੁੰਦੀ ਹਾਂ।'

'ਮਦਨ ਕੁਝ ਨਾ ਬੋਲਦਾ। ਉਹ ਮਾਇਆ ਦੇਵੀ ਦੇ ਚੇਹਰੇ ਵਲ ਵੇਖ ਕੇ ਇਸ ਤਰ੍ਹਾਂ ਪ੍ਰਸੰਨ ਹੋ ਰਿਹਾ ਸੀ ਜਿਸ ਤਰ੍ਹਾਂ ਸ਼ਿਕਾਰੀ ਜਾਲ ਵਿਚ ਫਸੀ ਹੋਈ ਮਛੀ ਨੂੰ ਵੇਖ ਕੇ ਹੁੰਦਾ ਹੈ।

'ਬੰਬ ਫਟਣ ਵਿਚ ਕਿਤਨੀ ਦੇਰ ਰਹਿ ਗਈ ਹੈ ?' ਮਾਇਆ ਦੇਵੀ ਬੁੜਬੜਾਈ।

'ਸਿਰਫ ਦਸ ਮਿੰਟ।

'ਅਗਰ ਤੂੰ ਚੰਦਰ ਤੇ ਰਜਨੀ ਨੂੰ ਛਡ ਦੇਵੇਂ ਤਾਂ ਮੈਂ ਤੈਨੂੰ ਮੂੰਹ ਮੰਗਿਆ ਰੁਪਿਆ ਦੇਣ ਲਈ ਤਿਆਰ ਹਾਂ।'

'ਵਾਹ!' ਮਦਨ ਜ਼ੋਰ ਨਾਲ ਹਸਿਆ। ਉਹਦਾ ਹਾਸਾ ਸੀ ਕਿ ਬੰਦ ਹੀ ਨਹੀਂ ਸੀ ਹੁੰਦਾ। ਉਹ ਇਕ ਮਿੰਟ ਤਕ ਹਸਦਾ ਰਿਹਾ ਤੇ ਫਿਰ ਅਚਾਨਕ ਗੰਭੀਰ ਹੋ ਗਿਆ।

'ਪੈਸੇ ਮਦਨ ਦੇ ਅਪਮਾਨ ਨੂੰ ਇਜ਼ਤ ਵਿਚ ਨਹੀਂ ਬਦਲ ਸਕਦੇ।'

ਕਿਸਨੇ ਤੇਰਾ ਅਪਮਾਨ ਕੀਤਾ ਹੈ......।'

'ਚੰਦਰ ਨੇ......।'

ਮਾਇਆ ਦੇਵੀ ਨੇ ਗਰਦਨ ਝੁਕਾ ਲਈ।

'ਉਹ-ਮੈਂ ਵੀ ਪਾਗਲ ਹਾਂ।' ਮਦਨ ਅਚਾਨਕ ਬੁੜਬੜਾਇਆ। 'ਫਜ਼ੂਲ ਵਕਤ ਜ਼ਾਇਆ ਕਰ ਰਿਹਾ ਹਾਂ।' ਕਹਿੰਦਿਆਂ ਉਹਨੇ ਜੇਬ ਚੋਂ ਇਕ ਸ਼ੀਸ਼ੀ ਕਢੀ ਤੇ ਉਹਦਾ ਕਾਰਕ ਖੋਲਣ ਲਗ ਪਿਆ।

'ਇਹ ਕੀ ਹੈ......।' ਮਾਇਆ ਦੇਵੀ ਕੰਬਦੀ ਹੋਈ ਬੋਲੀ।

'ਤੇਜ਼ਾਬ......।' ਮਦਨ ਲਾਪਰਵਾਹੀ ਨਾਲ ਬੋਲਿਆ।

'ਇਹ ਕੀ ਕਰੇਂਗਾ ?'

'ਇਸ ਖੂਬਸੂਰਤ ਚੇਹਰੇ ਨੂੰ ਇਤਨਾ ਖੂਬਸੂਰਤ ਕਰ ਦਿਆਂਗਾ ਕਿ ਜੇ ਤੂੰ ਆਪ ਵੀ ਸ਼ੀਸ਼ਾ ਵੇਖੇਂ ਤਾਂ ਕੰਬ ਜਾਏਂ......।'

'ਨਹੀਂ.....।' ਮਾਇਆ ਦੇਵੀ ਨੇ ਡਰ ਨਾਲ ਅਖਾਂ ਬੰਦ ਕਰ ਲਈਆਂ। ਮਦਨ ਸ਼ੀਸ਼ੀ ਖੋਲ੍ਹ ਚੁਕਾ ਸੀ। ਜਿਉਂ ਹੀ ਉਹਨੇ ਤੇਜ਼ਾਬ ਪਾਣ ਲਈ ਹਥ ਉਚਾ ਚੁਕਿਆ ਪਿਛੋਂ ਕਿਸੇ ਨੇ ਉਹਦੇ ਲਕ ਵਿਚ ਇਤਨੇ ਜ਼ੋਰ ਨਾਲ ਲਤ ਮਾਰੀ ਕਿ ਮਦਨ ਮੂੰਹ ਭਾਰ ਫਰਸ਼ ਤੇ ਡਿਗ ਪਿਆ।

'ਉਹ–ਚੰਦਰ.....ਮੇਰੇ ਬਚੇ ਤੂੰ ਜ਼ਿੰਦਾ ਏਂ.........?' ਖੁਸ਼ੀ ਨਾਲ ਮਾਇਆ ਦੇਵੀ ਦੀ ਚੀਕ ਨਿਕਲ ਗਈ।

ਕਮਰੇ ਦੀ ਹਾਲਤ ਬੜੀ ਅਜੀਬ ਹੋ ਗਈ। ਦੋਵੇਂ ਮਰਨ ਮਾਰਨ ਤੇ ਤੁਲੇ ਹੋਏ ਸਨ। ਲੜਾਈ ਦੇ ਕਾਰਨ ਕਮਰੇ ਦੀਆਂ ਕਈ ਚੀਜ਼ਾਂ ਟੁਟ ਗਈਆਂ। ਮਦਨ ਦੀ ਸ਼ਕਤੀ ਵੇਖਕੇ ਚੰਦਰ ਦੰਗ ਰਹਿ ਗਿਆ। ਚੰਦਰ ਨੇ ਬੜੀ ਮੁਸ਼ਕਲ ਉਹਨੂੰ ਕਾਬੂ ਕੀਤਾ ਤੇ ਥੰਮ ਨਾਲ ਬੰਨ੍ਹ ਦਿਤਾ।

ਇਸਨੇ ਤਾਂ ਮੈਨੂੰ ਮਾਰ ਹੀ ਦਿਤਾ ਹੁੰਦਾ।' ਚੰਦਰ ਹਾਂਫਦਾ ਹੋਇਆ ਬੋਲਿਆ, 'ਇਹ ਤਾਂ ਖੁਸ਼ਕਿਸਮਤੀ ਸੀ ਕਿ ਮੈਂ ਦਰਵਾਜ਼ਾ ਤੋੜਕੇ ਬਾਹਰ ਆਉਣ ਵਿਚ ਕਾਮਯਾਬ ਹੋ ਗਿਆ। ਜਿਉਂ ਹੀ ਮੈਂ ਤੇ ਰਜਨੀ ਬਾਹਰ ਨਿਕਲੇ, ਬੜੇ ਜ਼ੋਰ ਦਾ ਧਮਾਕਾ ਹੋਇਆ 'ਤੇ ਇਮਾਰਤ ਫੀਤੇ ੨ ਹੋ ਕੇ ਡਿਗ ਪਈ।'

ਅਚਾਨਕ ਕਦਮਾਂ ਦੀ ਆਵਾਜ਼ ਆਈ। ਆਉਣ ਵਾਲੀ ਕਿਰਨ ਸੀ। ਉਹ ਕਮਰੇ ਦੀ ਹਾਲਤ ਵੇਖ ਕੇ ਦੰਗ ਰਹਿ ਗਈ। ਪਰ ਜਿਉਂ ਹੀ ਉਹਨੇ ਮਦਨ ਵਲ ਵੇਖਿਆ, ਚੀਕ ਮਾਰ ਕੇ ਚੰਦਰ ਨਾਲ ਚੰਬੜ ਗਈ। 'ਇਹੋ ਹੈ– ਇਹੋ ਹੈ–' ਕਿਰਨ ਕੰਬਦੀ ਹੋਈ ਬੋਲੀ।

'ਤੂੰ ਮਦਨ ਨੂੰ ਕਿਸ ਤਰ੍ਹਾਂ ਜਾਣਦੀ ਏਂ ?'

'ਮੈਂ ਤੁਹਾਨੂੰ ਸਾਰੀ ਗਲ ਦਸਦੀ ਹਾਂ।' ਕਿਰਨ ਆਪਣੇ ਸੁਕੇ ਬੁਲ੍ਹਾਂ ਤੇ ਜ਼ਬਾਨ ਫੇਰਦੀ ਹੋਈ ਬੋਲੀ– 'ਤੁਸੀ ਕਹਿੰਦੇ ਸੀ ਨਾ ਕਿ ਤੁਹਾਡੀ ਭੈਣ ਤੁਹਾਥੋਂ ਵਿਛੜ ਗਈ ਹੈ ਜਿਸਦਾ ਨਾਂ ਰੰਜਨਾ ਹੈ.....। ਤੁਹਾਡੀ ਬਦਨਸੀਬ ਰੰਜਨਾ ਕੋਈ ਹੋਰ ਨਹੀਂ ਬਲਕਿ ਮੈਂ ਹੀ ਹਾਂ.........।'

'ਤੂੰ.....? ਤੂੰ ਰੰਜਨਾ ਏਂ.....? ਪਰ ਤੂੰ ਤਾਂ ਆਪਣਾ ਨਾਂ ਕਿਰਨ ਦਸਿਆ ਸੀ?'

'ਮੈਂ ਜਾਣ ਬੁਝ ਕੇ ਤੁਹਾਨੂੰ ਗਲਤ ਨਾਂ ਦਸਿਆ ਸੀ। ਉਹ ਇਸ ਲਈ ਕਿ ਮੇਰਾ ਸਾਰਾ ਜੀਵਨ ਵੇਸਵਾ ਖਾਨੇ ਵਿਚ ਬੀਤਿਆ ਹੈ ਤੇ ਤੁਸੀ ਇਸਨੂੰ ਪਸੰਦ ਨਾ ਕਰਦੇ... । ਇਸ ਮਦਨ ਨੇ ਹੀ ਮੈਨੂੰ ਵੇਚਿਆ ਸੀ...।'

'ਮਦਨ !!' ਚੰਦਰ ਦੀਆਂ ਅਖਾਂ ਅੰਗਾਰੇ ਵਾਂਗ ਲਾਲ ਹੋ ਗਈਆਂ ਉਹਨੇ ਮਦਨ ਦੇ ਮੂੰਹ ਤੇ ਅੰਨ੍ਹੇ ਵਾਹ ਇਤਨੇ ਮੁਕੇ ਮਾਰੇ ਕਿ ਉਹ ਬੇਹੋਸ਼ ਹੋ ਗਿਆ।

'ਰਜਨੀ ਕਿਥੇ ਹੈ?' ਮਾਇਆ ਦੇਵੀ ਬੋਲੀ।

'ਉਹ ਆਪਣੇ ਪਿਤਾ ਜੀ ਨਾਲ ਹੇਠਾਂ ਖੜੀ ਹੈ।'

'ਮਦਨ ਨੂੰ ਪੋਲੀਸ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ।'

ਸਾਰੇ ਹੇਠਾਂ ਆ ਗਏ। ਮਾਇਆ ਦੇਵੀ ਆਪਣੇ ਪਤੀ ਨੂੰ ਮਿਲਕੇ ਇਹ ਭੁਲ ਗਈ ਕਿ ਉਹਦਾ ਪਤੀ ਬੁਢਾ ਹੈ। ਉਹ ਉਹਦੇ ਪੈਰਾਂ ਤੇ ਡਿਗ ਪਈ।

'ਚੰਦਰ! ਤੇਰਾ ਧੰਨਵਾਦ ਕਰਨ ਲਈ ਮੇਰੇ ਕੋਲ ਲਫਜ਼ ਨਹੀਂ।' ਸੇਠ ਜੀ ਨੇ ਕਿਹਾ ਤੇ ਰਜਨੀ ਦਾ ਹਥ ਉਹਦੇ ਹਥ ਵਿਚ ਦੇ ਦਿਤਾ।

ਇਤਨੀ ਗੰਭੀਰ ਘਟਨਾ ਘਟਣ ਦੇ ਬਾਵਜੂਦ ਵੀ ਸਭ ਦੇ ਮੁਰਝਾਏ ਹੋਏ ਚੇਹਰਿਆਂ ਤੇ ਖੁਸ਼ੀ ਦੀ ਲਹਿਰ ਦੌੜ ਗਈ।

—

ਰਾਜਵੰਸ਼ੀ ਪ੍ਰਿੰਟਿੰਗ ਪ੍ਰੈਸ ੧੫੦੮ ਲਾਜਪਤ ਰਾਏ ਮਾਰਕੀਟ ਚਾਂਦਨੀ ਚੌਕ ਦਿਲੀ ਵਿਚ ਛਪਿਆ।